# ਨੀਲਇੰਦਰ

# ਨੀਲਇੰਦਰ

## ਵਰਿੰਦਰ ਫਰਹਾਦ

International Publishers
of Indian and Foreign Languages

**Representation Offices**:
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi poetry*

ISBN: 978-93-5068-090-2
Price : 130/-

**Neelinder**
*by*
**Varinder Farhad**

Varinder Kumar, S/o Naranjan Dass
Vill. Fabarha, P.O. Bhunga
Distt. Hoshiarpur-144210

2012
Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


- ਮੇਰੀ ਕਲਮ 7
- ਟੁਟਿਆ ਸ਼ੀਸ਼ਾ 12
- ਦੇਖਣ ਦੀ ਲਾਲਸਾ 15
- ਮੇਰੀ ਜ਼ਿੰਦਗੀ 19
- ਬੇਈਮਾਨ ਗੀਤ 22
- ਗਰੀਬ ਕਵੀ 25
- ਗਮਾਂ ਦੀ ਗਰਾਹੀ 27
- ਵਾਸਤਾ 30
- ਦੱਸੋ ਕਿਉਂ ਮੈਂ ਸ਼ਿਵ ਬਣਾਂ 32
- ਮੇਰੀ ਯਾਰੀ 35
- ਮੇਰਾ ਕਮਰਾ 37
- ਦੀਵਾਲੀ 39
- ਦੁੱਖ 41
- ਸੋਹਣੀਆਂ ਨਾਰਾਂ 43
- ਸ਼ਿਵ 47
- ਮੁਲਾਕਾਤ 49
- ਅਰਜ਼ 52
- ਯੋਗੀ 54
- ਨਸੀਬ 56
- ਦੀਦਾਰ 57
- ਬਿਰਹੋ 59
- ਇਸ਼ਕ 61
- ਮਾਂ 63
- ਔਰਤ 65

- ਜ਼ਿੰਦਗੀ ਰੂਪੀ ਬੱਸ 68
- ਉਨੀਵਾਂ ਵਰ੍ਹਾ 71
- ਨਵਾਂ ਸਾਲ 73
- ਯਾਦ 75
- ਚੌਰਾਹਾ 77
- ਕਵਿਤਾ ਦੀ ਰਾਣੀ 78
- ਹਕੀਕਤ 80
- ਪੈਂਡਾ 81
- ਯਾਦ 83
- ਪਿਆਰ ਵਾਲੀ ਕੰਧ 86

## ਮੇਰੀ ਕਲਮ

ਮੇਰੀ ਕਲਮ ਨੇ
ਕਾਗਜ ਦੀ ਹਿੱਕ 'ਤੇ
ਲਹੂ ਡੋਲ੍ਹਿਆ ਰੀਝਾਂ ਦਾ
ਭੇਦ ਖੋਹਲਿਆ ਕਈ ਚੀਜ਼ਾਂ ਦਾ
ਤੁਰੀ ਹਿੱਕ ਤੇ ਘਿਸਰ ਘਿਸਰ
ਫੋਲਿਆ ਦਰਦ
ਉਨ੍ਹਾਂ ਬੀਜਾਂ ਦਾ
ਜਿਹੜੇ ਕੁੱਖ ਚ ਹੀ ਮਾਰ ਤੇ
ਜਿਹੜੇ ਦਹੇਜ਼ ਲਈ ਸਾੜ ਤੇ,
ਜਿਨ੍ਹਾਂ ਰੋਟੀ
ਦੀ ਖਾਤਿਰ
ਨੰਗੇ ਤਨ ਦਿਖਾ ਤੇ,
ਇਜੱਤ ਲੁੱਟ
ਗਰੀਬਾਂ ਦੀ
ਫਿਰ ਪੈਸੇ ਨਾਲ
ਸਮਝਾ ਤੇ
ਫੁੱਟਿਆ ਨਾ
ਮੂੰਹੋਂ ਕੁਝ ਵੀ
ਗਲਾ ਘੁਟਿਆ
ਉਨ੍ਹਾਂ ਜੀਭਾਂ ਦਾ
ਮੇਰੀ ਕਲਮ ਨੇ ......

ਕਦੇ ਦਿਲ ਦੀ
ਗੱਲ ਦਸਦੀ ਏ,

ਕਲਮ ਕਦੇ ਰੋ ਪੈਂਦੀ,
ਕਦੇ ਹੱਸਦੀ ਹੈ,
ਨੰਨੀ ਉਮਰ ਸੀ,
ਉਸ ਵੇਲੇ ਦੇ।
ਬਾਰਾਂ ਵਰਿਆਂ ਦੇ
ਨੰਨੇ ਤਨ ਨਾਲ
ਖੇਲੇ ਦੇ
ਜਾ ਵਧਦੀ ਉਮਰ
ਜਹੀ ਖੋਟੇ ਧੇਲੇ ਦੇ
ਜਿਹੜਾ ਲੱਭਦਾ ਰਿਹਾ
ਹੱਟੀ ਹੁਸਨ ਦੀ।
ਜਾਗਦਿਆਂ ਚ ਨਾ ਮਿਲੀ
ਕੀ ਗੱਲ ਕਰੀਏ,
ਸੁਪਨ ਦੀ।
ਕਹਿੰਦੇ ਪਿੰਡੋਂ
ਇਕ ਕੋਹ ਦੂਰ
ਹੱਟੀ ਇਕ ਪਲਦੀ ਏ,
ਉਹ ਹੱਟੀ ਦਾ
ਮਾਲਕ ਇਕ ਅਣਖੀ
ਜੱਟ ਹੈ,
ਜਿਹਨੂੰ ਉਹ ਹੱਟੀ ਨੂੰ
ਦੂਜੇ ਗਰਾਂ ਭੇਜਣ
ਦੀ ਬੜੀ ਜਲਦੀ ਏ,
ਖੋਟਾ ਧੇਲਾ ਚਲ ਜਾਵੇ,
ਉਹ ਦਿਲ ਆਸ,
ਲੈ ਕੇ ਗਿਆ ਸੀ,
ਪੈਰ ਹੱਟੀ ਤੋਂ ਅੱਗੇ,
ਉਹ ਥੜੇ ’ਤੇ ਜਦ ਪਿਆ ਸੀ,

ਪੈਰ ਥਰ ਥਰ
ਕੰਬ ਰਿਹਾ ਸੀ,
ਮੇਰਾ ਯਾਰ ਹੌਂਸਲਾ
ਦੇ ਰਿਹਾ ਸੀ।
ਖੋਟੇ ਧੇਲੇ ਨੂੰ
ਚਲਾਉਣ ਲਈ
ਖੌਰੇ ਕੀ ਕੀ ਕਰਨਾ
ਪੈ ਰਿਹਾ ਸੀ।
ਆਖਰ ਦਿਲ
ਟੁੱਟ ਗਿਆ,
ਪਿਛੇ ਪੈਰ
ਪੁੱਟ ਲਿਆ
ਹੁਣ ਤਾਂ ਕਈ
ਵਰ੍ਹੇ ਹੋ ਗਏ ਨੇ,
ਪਲ ਤਾਂ ਸੀ ਬਸ
ਉਹੀ ਕਰੀਬਾਂ ਦਾ,
ਮੇਰੀ ਕਲਮ ਨੇ ......

ਹੁਣ ਕਿਤੇ ਉਸ
ਹੱਟੀ ਦੀ ਯਾਦ
ਆਉਂਦੀ ਹੈ,
ਤੇ ਕਾਗਜ਼ ਦੀ
ਹਿੱਕ ਤੇ
ਸੱਸੀ ਵਾਂਗ
ਹਾਲੋਂ ਬੇਹਾਲ ਹੋ ਜਾਂਦੀ ਹੈ।
ਸੁਲਝਣ ਨਾ ਕਦੇ
ਉਹ ਜ਼ੁਲਫਾਂ ਵਲ੍ਹ ਹੋ ਜਾਂਦੀ ਹੈ।
ਪਿਟਦਾ ਰਹਿੰਦਾ,

ਉਹਦੀਆਂ ਯਾਦਾਂ ਦਾ ਡੱਗਾ
ਉਹ ਘੜਿਆਲ ਹੋ ਜਾਂਦੀ ਹੈ,
ਕੌਣ ਹੱਲ ਕਰੇ ਉਦੇ ਬਿਨ,
ਉਹ ਔਖਾ ਸਵਾਲ ਹੋ ਜਾਂਦੀ ਹੈ।
ਇਹ ਸਵਾਲ ਕੋਈ
ਹੱਲ ਕਰ ਦੇਵੇ,
ਮੇਰੀ ਜ਼ਿੰਦਗੀ ਦੀ
ਗੱਲ ਬਣ ਜਾਵੇ,
ਵੇਚ ਜਿੰਦ ਉਹਦਾ ਮੁੱਲ
ਤਾਰਾਂ
ਜੋ ਹੱਟੀ ਚ
ਸ਼ਿਲਪੀ ਸੌਦਾ,
ਰਖਿਆ ਹੋਇਆ ਏ,
ਕੀਤਾ ਤਿਆਰ ਪਟਿਆਲੇ
ਵਾਲਿਆਂ ਨੇ
ਉਹ ਪਰਦੇ ਨਾਲ
ਢੱਕਿਆ ਹੋਇਆ ਹੈ,
ਮੋਟੇ, ਤਿਰਸ਼ੇ, ਸੁਰਮਈ ਨੈਣ,
ਉਸ ਹੱਟੀ ਦੀ
ਸ਼ੋਭਾ ਵਧਾਉਂਦੇ ਨੇ,
ਚੌੜੀ ਹਿੱਕ ਦੇ ਥੱਲੇ
ਲਚਕੀਲਾ ਲੱਕ
ਰਖਿਆ ਹੋਇਆ ਏ,
ਜ਼ੁਲਫਾਂ ਉਹ ਭੀੜ ਦੀ
ਵਜ਼ਾ ਬਣੀਆਂ,
ਕਰੇ ਸਿਫਤ ਹਰ ਕੋਈ

ਜਿਸ ਨੇ ਵੀ ਤੱਕਿਆ ਹੋਇਆ ਏ,
ਪੀ ਲੈਂਦਾ ਰੋਜ਼
ਰਾਤ ਨੂੰ
ਯਾਦਾਂ ਤੋ ਇਨ੍ਹਾਂ
ਅੱਕਿਆ ਹੋਇਆ ਏ।
"ਵਰਿੰਦਰ ਫਰਹਾਦ" ਦਾ ਦਿਲ
ਯਾਦ ਕਰਦਾ ਏ,
ਰੋਜ਼ ਉਹਨੂੰ
ਕੀ ਪਤਾ ਇਹਨੂੰ
ਏ ਖੇਲ ਹੈ ਨਸੀਬਾਂ ਦਾ
ਮੇਰੀ ਕਲਮ ਨੇ
ਕਾਗਜ਼ ਦੀ ਹਿੱਕ ਤੇ
ਲਹੂ ਡੋਲ੍ਹਿਆ ਰੀਝਾਂ ਦਾ
ਭੇਦ ਖੋਲ੍ਹਿਆ ਕਈ ਚੀਜ਼ਾਂ ਦਾ

♣

## ਟੁਟਿਆ ਸ਼ੀਸ਼ਾ

ਮੈਂ ਟੁਟਿਆ ਸ਼ੀਸ਼ਾ ਹਾਂ,
ਜੁੜਨੇ ਦੀ ਕੋਸ਼ਿਸ਼ ਕਰਦਾ ਹਾਂ,
ਮੈਂ ਲੰਗੜਾ ਰਾਹੀ ਹਾਂ,
ਪਰ ਤੁਰਨੇ ਦੀ
ਕੋਸ਼ਿਸ਼ ਕਰਦਾ ਹਾਂ।
ਇਕ ਮੱਛੀ ਦੀ ਭਾਲ ਵਿਚ
ਗਹਿਰੀ ਡੂੰਘੀ
ਗਾਰ ਵਿਚ
ਇਹ ਸੋਚੀ ਸਮਝੀ,
ਸ਼ਕੁਨੀ ਚਾਲ ਵਿਚ।
ਗਹਿਰੇ ਸਮੁੰਦਰ ਜਾ ਪਹੁੰਚਾ
ਫਸਿਆ ਤੂਫਾਨੀ ਜਾਲ ਵਿਚ,
ਤਰਨਾ ਕਿਥੇ ਹੁਣ ਆਵੇ,
ਪਰ ਤਰਨੇ ਦੀ
ਕੋਸ਼ਿਸ਼ ਕਰਦਾ ਹਾਂ।
ਮੈਂ ਟੁਟਿਆ ਸ਼ੀਸ਼ਾ ਹਾਂ ......
ਖ਼ੂਨੀ ਮੱਛਲੀ ਦੇ,
ਹਿੱਕੋਂ ਭਾਰੀ ਲੱਕੋਂ
ਪਤਲੀ ਦੇ
ਦਿੱਤੇ ਜ਼ਖਮਾਂ ਨੂੰ
ਕਦੇ ਛਿਲਦਾ ਹਾਂ,
ਆਪਣੇ ਹੀ ਨੌਹਾਂ ਨਾਲ

ਕਦੇ ਮਲਮਾਂ ਨਾਲ
ਭਰਨੇ ਦੀ ਕੋਸ਼ਿਸ਼ ਕਰਦਾ ਹਾਂ
ਮੈਂ ਟੁਟਿਆ ਸ਼ੀਸ਼ਾ ਹਾਂ ......
ਸਿਪਾਹੀ ਹਾਂ ਮੱਛਲੀ ਤੋਂ
ਹਾਰੀ ਫੌਜ ਦਾ
ਹੁਣ ਤਾਂ ਭੁਲਦੇ ਹੀ
ਜਾ ਰਹੇ ਨੇ
ਸ਼ਾਇਦ ਇਕ ਅਧਾ
ਪੱਲ ਸੀ ਜੋ ਮੌਜ ਦਾ
ਇਕ ਬਿਰਹਾ ਦੀ ਜੂਨ
ਦੂਜਾ ਝੱਲ ਨਾ ਹੋਵੇ
ਦਰਦ ਧੋਖਿਆਂ ਦੀ
ਸੋਜ ਦਾ
ਤਾਈਉਂ ਤਾਂ ਮਰਨੇ ਦੀ
ਕੋਸ਼ਿਸ਼ ਕਰਦਾ ਹਾਂ।
ਮੈਂ ਚੜ੍ਹ ਜੋਬਨ
ਦੇ ਦੰਗਿਆਂ ਨੂੰ,
ਜਰਨੇ ਦੀ ਕੋਸ਼ਿਸ਼ ਕਰਦਾ ਹਾਂ,
ਮੈਂ ਟੁਟਿਆ ਸ਼ੀਸ਼ਾ ਹਾਂ ......
ਮੂੰਹ ਨਾ ਲਾਵੇ,
ਨਾ ਕੋਈ ਜ਼ਿਕਰ ਕਰੇ,
ਮੈਂ ਐਸੀ ਅਸ਼ੁੱਭ ਬਾਤ ਹਾਂ,
ਨਾ ਮਿਲ ਸਕਦਾ

ਨਾ ਸੌਂ ਸਕਦਾ
ਨਾ ਰੋ ਸਕਦਾ
ਐਸੀ ਭੈੜੀ ਰਾਤ ਹਾਂ
ਮੈਂ ਦੁਨੀਆਂ ਰੂਪੀ
ਚਿਤਾ ਤੇ ਪਈ ਲਾਸ਼ ਹਾਂ
ਜੋ ਜਲਣੇ ਦੀ ਕੋਸ਼ਿਸ਼
ਕਰਦਾ ਹਾਂ
ਮੈਂ ਟੁਟਿਆ ਸ਼ੀਸ਼ਾ ਹਾਂ,
ਜੁੜਨੇ ਦੀ ਕੋਸ਼ਿਸ਼ ਕਰਦਾ ਹਾਂ,
ਮੈਂ ਲੰਗੜਾ ਰਾਹੀ ਹਾਂ,
ਪਰ ਤੁਰਨੇ ਦੀ
ਕੋਸ਼ਿਸ਼ ਕਰਦਾ ਹਾਂ।

♣

# ਦੇਖਣ ਦੀ ਲਾਲਸਾ

ਤੈਨੂੰ ਦੇਖਣ ਦੇ ਬਹਾਨੇ
ਤੇਰੇ ਪਿੰਡ ਵਲ ਜਦ ਜਾ ਰਿਹਾ ਸੀ
ਕਿਸੀ ਸੁਨਸਾਨ ਥਾਂ ਵਾਂਗ
ਸੀ ਮੰਨ ਮੇਰਾ
ਹੋਰ ਕੁਝ ਨਹੀ ਸੀ ਬੱਸ
ਮੈਥੋਂ ਥੋੜ੍ਹੀ ਹੀ ਅੱਗੇ
ਮੇਰਾ ਪਰਛਾਵਾਂ ਜਾ ਰਿਹਾ ਸੀ
ਡੁੱਬਦਾ ਹੀ ਜਾ ਰਿਹਾ ਸੀ
ਤੇਰੀਆਂ ਯਾਦਾਂ ਦੇ
ਦਰਿਆਵਾਂ ਵਿਚ
ਪਰ ਦੂਰ ਕਿਤੇ
ਕਿਨਾਰਾ ਨਜ਼ਰ ਆ ਰਿਹਾ ਸੀ
ਕਿਨਾਰੇ ਤੱਕ ਪਾਹੁੰਚ ਜਾਵਾਂ
ਦਿੱਤਾ ਨਾ ਸਹਾਰਾ ਕਿਸੇ,
ਸਗੋਂ ਹੋਰ ਗਹਿਰਾਈਆਂ ਨੂੰ
ਹੱਥ ਲਾ ਰਿਹਾ ਸੀ,
ਤੈਨੂੰ ਦੇਖਣ ਦੇ ਬਹਾਨੇ
ਤੇਰੇ ਪਿੰਡ ਵਲ ਜਦ ਜਾ ਰਿਹਾ ਸੀ।

ਕਿਸੇ ਰਾਹੀ ਨੇ ਮੈਨੂੰ ਝੰਜੋੜ ਦਿਤਾ
ਯਾਦਾਂ ਦਾ ਬੰਨ ਤੋੜ ਦਿੱਤਾ
ਡੁਬਣੋ ਮੈਨੂੰ ਬਚਾ ਲਿਆ
ਕਹਿੰਦਾ ਇਸ਼ਕ ਦਾ ਰੋਗ ਤੂੰ ਲਾ ਲਿਆ

ਮੁੜ ਜਾ ਵੇ ਮੁਸਾਫਰਾ
ਵਾਰ ਵਾਰ ਮੈਨੂੰ ਸਮਝਾ ਰਿਹਾ ਸੀ।
ਪਰ ਮੈਨੂੰ ਤਾਂ ਸਿਰਫ ਤੇਰਾ
ਚਿਹਰਾ ਨਜ਼ਰ ਆ ਰਿਹਾ ਸੀ,
ਤੈਨੂੰ ਦੇਖਣ ਦੇ ਬਹਾਨੇ ਤੇਰੇ
ਪਿੰਡ ਵੱਲ ਜਦ ਜਾ ਰਿਹਾ ਸੀ

ਦੂਰ ਬਸੀਮੇ ਤੋਂ
ਜਦ ਪਿੰਡ ਨਜ਼ਰ ਆਉਣ ਲੱਗਾ
ਜਿਵੇਂ ਸ਼ਾਮ ਵੇਲੇ ਵਿਚ ਸਮੁੰਦਰ
ਸੂਰਜ ਨਹਾਉਣ ਲੱਗਾ
ਜਿਵੇਂ ਮੱਸਿਆ ਤੇ ਬਾਅਦ
ਪੁੰਨਿਆ ਦਾ ਚੰਨ
ਨਜ਼ਰ ਆਉਣ ਲੱਗਾ
ਜਿਵੇਂ ਦੂਰ ਵਿਰਾਨ ਜੰਗਲ ਵਿਚ
ਕੋਈ ਰਾਂਝਾ ਵੰਝਲੀ
ਵਜਾ ਰਿਹਾ ਸੀ

ਤੇਰੇ ਪਿੰਡ ਦਾ ਮੇਨ ਗੇਟ ਜਿਉਂ ਜਿਉਂ
ਨਜ਼ਦੀਕ ਆ ਰਿਹਾ ਸੀ
ਖੁਸ਼ੀ ਸੀ ਤੈਨੂੰ ਦੇਖਣ ਦੀ
ਜੇ ਨਾ ਮਿਲੀ
ਦੁੱਖ ਤਾਂ ਏਹੀ ਸਤਾ ਰਿਹਾ ਸੀ
ਤੈਨੂੰ ਦੇਖਣ ਦੇ ਬਹਾਨੇ ਤੇਰੇ
ਪਿੰਡ ਵਲ ਜਦੋਂ ਜਾ ਰਿਹਾ ਸੀ

ਮੇਰੇ ਪੈਰਾਂ ਨੇ ਜਦ
ਤੇਰੇ ਪਿੰਡ ਦੀ
ਮਿੱਟੀ ਨੂੰ ਛੁਹਿਆ
ਕਿਸੇ ਕੋਮਲ ਫੁੱਲ ਨੇ
ਜਿਵੇਂ ਕਾਮੀ ਪੁੱਤ ਹੋਵੇ ਲੂਹਿਆ
ਉਸ ਮਿੱਟੀ ਵਿਚ ਇੰਨਾ ਤਪ ਸੀ
ਮੇਰੇ ਕਾਮ ਨੂੰ ਉਨ੍ਹੇ ਲੂਹ ਦਿੱਤਾ
ਹੁਣ ਤਾਂ ਇਕਲੌਤਾ
ਮੋਹ ਆ ਰਿਹਾ ਸੀ
ਫਿਰ ਤਾਂ ਉਸ ਮਿੱਟੀ 'ਤੇ
ਸੱਸੀ ਵਾਂਗ ਤੁਰਿਆ ਜਾ ਰਿਹਾ ਸੀ
ਉਹ ਕੱਚਾ ਰਸਤਾ ਵੀ
ਉਸ ਵੇਲੇ
ਗਵਾਹੀ ਪਾ ਰਿਹਾ ਸੀ
ਤੈਨੂੰ ਦੇਖਣ ਦੇ ਬਹਾਨੇ
ਤੇਰੇ ਪਿੰਡ ਵੱਲ ਜਦ ਜਾ ਰਿਹਾ ਸੀ

ਉਸ ਚੁਰਾਹੇ ਵਲ
ਜੱਦ ਮੈਂ ਤੱਕਿਆ
ਜਿਥੇ ਦੀਦਾਰ ਇਲਾਹੀ ਹੋਣਾ
ਜਿਥੇ ਰੱਬ ਨੇ ਸਹਾਈ ਹੋਣਾ
ਖੁਸ਼ਬੂ ਤੇਰੀ ਆਉਣ ਲੱਗੀ
ਪਰ ਹਵਾ ਆਪਣਾ
ਰੁੱਖ ਬਦਲਾਉਣ ਲੱਗੀ
ਫੁੱਲ ਤਾਂ ਸੀ

ਉਸੇ ਬਗੀਚੇ ਵਿਚ
ਪਰ ਹੋਰ ਮੁਸਾਫਰ
ਤੋੜ ਕੇ ਜਾ ਰਿਹਾ ਸੀ
ਜਿਸ ਨਾਲ ਮੈਂ ਤਬਾਹ ਹੋਣਾ ,
ਉਹ ਮੁੱਖੋਂ ਕੁਝ
ਗੁਣਗੁਣਾ ਰਿਹਾ ਸੀ
ਤੈਨੂੰ ਦੇਖਣ ਦੇ ਬਹਾਨੇ
ਤੇਰੇ ਪਿੰਡ ਵੱਲ ਜਾ ਰਿਹਾ ਸੀ ।

♣

# ਮੇਰੀ ਜ਼ਿੰਦਗੀ

ਮੇਰੀ ਜ਼ਿੰਦਗੀ ਇਕ
ਘਣਕੋਰ ਜੰਗਲ ਏ
ਇਸ ਜੰਗਲ ਵਿਚੋਂ ਰੋਜ਼ ਇਕ
ਸੱਪਣੀ ਦਾ ਦੀਦਾਰ ਹੁੰਦਾ ਏ
ਕਿਸੇ ਤੋਂ ਬਚ ਜਾਦਾ
ਕਿਸੇ ਨੂੰ ਟੱਪ ਜਾਂਦਾ
ਕਿਸੇ ਦਾ ਸ਼ਿਕਾਰ ਹੁੰਦਾ ਏ।
ਮੇਰੀ ਜ਼ਿੰਦਗੀ ਇਕ
ਘਣਕੋਰ ਜੰਗਲ ਏ
ਇਸ ਜੰਗਲ ਵਿਚ
ਰੋਜ਼ ਇਕ
ਸੱਪਣੀ ਦਾ ਦੀਦਾਰ ਹੁੰਦਾ ਹੈ।

ਸਵੇਰੇ ਉਠਦਾ ਹਾਂ
ਪੈਰ ਪੁੱਟਦਾ ਹਾਂ।
ਦਹਿਲੀਜ਼ ਟੱਪਣ ਤੋਂ ਪਹਿਲਾਂ
ਸੌਂਹਾਂ ਚੁਕਦਾ ਹਾਂ
ਮੈਂ ਤਕਣਾ ਨਹੀਂ
ਉਸ ਜ਼ਹਿਰ ਨੂੰ
ਟੱਪਣਾ ਨਹੀਂ
ਉਸ ਨਹਿਰ ਨੂੰ
ਜਿਥੇ ਉਹ ਪਲਦੀ ਏ
ਦੁੱਧ ਦੇ ਘੁਟ ਭਰਦੀ ਏ
ਤੇ ਸਾਡੇ ਜ਼ਹਿਰ ਅੱਗੇ ਕਰਦੀ ਏ
ਜਿਹੜਾ ਨਾ ਪੀਵੇ

ਇਹੋ ਜਿਹਾ ਕੌਣ
ਜਨਾਬ ਹੁੰਦਾ ਏ
ਮੇਰੀ ਜ਼ਿੰਦਗੀ ਇਕ ਘਣਕੋਰ
ਜੰਗਲ ਏ

ਇਸ ਜੰਗਲ ਵਿਚ
ਰੋਜ਼ ਇਕ
ਸੱਪਣੀ ਦਾ ਦੀਦਾਰ ਹੁੰਦਾ ਏ

ਉਹਦੇ ਇਕ ਢੰਗ ਨਾਲ
ਮੇਰਾ ਜ਼ਹਿਰ ਖਤਮ ਹੋ ਜਾਂਦਾ ਹੈ
ਮਾਰਦੀ ਰਹਿੰਦੀ ਡੰਗ ਉਹ
ਉਦੇ ਵਿਸ਼ ਨਾਲ ਮੇਰੇ ਜਿਸਮ ’ਤੇ
ਇਕ ਨੀਲਾ
ਜ਼ਖਮ ਹੋ ਜਾਂਦਾ ਹੈ।
ਇਹ ਜਖ਼ਮ ਤਾਂ
ਭਰ ਜਾਂਦਾ ਹੈ
ਪਰ ਉਹਦੀ ਵਿਸ਼ ਦਾ ਖਿਆਲ
ਹਰ ਰੋਜ਼
ਮੇਰੇ ਮਨ ਵਿਚ ਉਗਦਾ ਹੈ
ਤਾਈਓਂ ਤਾਂ ਘਰੋਂ
ਨਿਕਲਣ ਤੋਂ ਬਾਅਦ
ਮੇਰਾ ਸਿਰ ਰੋਜ਼
ਸੱਪਣੀ ਅੱਗੇ
ਝੁਕਦਾ ਹੈ।
ਦੱਸੋ ਝੁੱਕੇ ਕਿਉਂ ਨਾ
ਇਕ ਅਨੋਖਾ ਸ਼ਿੰਗਾਰ ਹੁੰਦੇ ਏ
ਮੇਰੀ ਜ਼ਿੰਦਗੀ ਇਕ ਘਣਕੋਰ

ਜੰਗਲ ਏ
ਇਸ ਜੰਗਲ ਵਿਚ ਰੋਜ ਇਕ
ਸੱਪਣੀ ਦਾ ਦੀਦਾਰ ਹੁੰਦਾ ਏ।

ਉਤਰੀ ਕੂੰਜ ਸਪਣੀ
ਦੇਖ ਲਵਾਂ
ਇਨ੍ਹਾਂ ਅੱਖਾਂ ਨਾਲ
ਜਦ ਮੇਚ ਲਵਾਂ
ਲਾਵਾ ਜਿਹਾ ਫੁੱਟਦਾ ਏ।
ਮੇਰੇ ਜ਼ਹਿਰ ਨੂੰ
ਜੋਬਨ ਜਿਹਾ ਉਠਦਾ ਏ।
ਆਤਮਾ ਦੀ ਨਹੀਂ
ਮੰਨਦਾ ਫਿਰ ਉਹ
ਜਦ ਮਨ ਆਤਮਾ
ਨਾਲ ਰੁਠਦਾ ਏ
ਤੇ ਫਿਰ ਜ਼ਹਿਰ
ਪੀਣ ਨੂੰ ਦਿਲ ਕਰਦਾ ਏ,
"ਵਰਿੰਦਰ ਫਰਹਾਦ" ਫਿਰ ਨਾ ਮਰਦਾ ਏ
ਡੰਗ ਖਾਣ ਦੀ ਆਦਤ ਪੈ ਗਈ ਏ।
ਜਦ ਨਾ ਮਾਰੇ
ਦਿਨ ਉਸ ਦਾ ਜਾ
ਮੇਰਾ ਖਰਾਬ ਹੁੰਦਾ ਏ
ਮੇਰੀ ਜ਼ਿੰਦਗੀ ਇਕ ਘਣਕੋਰ ਜੰਗਲ ਏ
ਇਸ ਵਿਚ ਇਕ
ਰੋਜ਼ ਸੱਪਣੀ ਦਾ
ਦੀਦਾਰ ਹੁੰਦਾ ਹੈ।

♣

## ਬੇਈਮਾਨ ਗੀਤ

ਗੀਤ ਮੇਰਾ ਕਿਉਂ ਬੇਈਮਾਨ ਹੋ ਗਿਆ ਏ
ਪਹਿਲਾਂ ਕੈਦ ਸੀ ਸਿਉਂਕ ਭਰੀ
ਬੁੱਢੀ ਡਾਇਰੀ 'ਚ
ਹੁਣ ਸ਼ਰੇਆਮ ਹੋ ਗਿਆ ਏ
ਇਹਦਾ ਹਰ ਇਕ ਟੋਟਕਾ
ਮੇਰੀਆਂ ਰੀਝਾਂ ਦੀ ਕਾਤਿਲ
ਦੀ ਪ੍ਰਸੰਸਾ ਕਰਦਾ ਏ
ਇਹਦਾ ਹਰ ਇੱਕ ਲਫਜ਼
ਕਿਸੇ ਗੁਲਾਮ ਦੀ ਤਰ੍ਹਾਂ
ਉਹਦਾ ਪਾਣੀ ਭਰਦਾ ਏ
ਅੱਜ ਤਾਂ ਹੱਦ ਹੋ ਗਈ
ਮੇਰਾ ਹੀ ਸੱਜਾ ਹੱਥ
ਅੱਜ ਫਿਰ ਉਹਦੀ ਸਿਫਤ 'ਚ
ਲਿਖਣ ਦੀ ਅਜਮਾਇਸ਼ ਕਰਦਾ ਏ
ਇਹ ਤਾਂ ਤਦ ਹੀ ਮੁਮਕਿਨ ਹੋਇਆ ਏ
ਛੱਲਾਂ ਮਾਰਦੀ ਝਨਾਂ 'ਚ
ਉਹਦਾ ਪਿਆਰ ਵਾਲਾ ਘੜਾ
ਡੁੱਬਿਆ ਨਹੀਂ ਲੱਗਦਾ
ਅਜੇ ਤਰਦਾ ਏ
ਨਹੀਂ ਨਹੀਂ ਏ ਮੇਰੀ
ਅਕਲ ਦਾ ਦੀਵਾ ਹੈ ਬੱਸ
ਕਈ ਵਰਿਆਂ ਦਾ ਬੁੱਝਿਆ ਏ
ਨਾ ਭੈੜਾ ਟੁੱਟਦਾ ਏ
ਨਾ ਜਲਦਾ ਏ
ਅਕਲਾਂ ਸੋਚਾਂ ਤੇ ਵੀ ਕਾਬੂ ਕੀਤਾ

ਇੰਨਾ ਹਰਾਮ ਹੋ ਗਿਆ ਏ
ਗੀਤ ਮੇਰਾ ਕਿਉਂ...
ਇਹਨੂੰ ਯਾਦ ਨਹੀਂ ?
ਉਹ ਸਿਆਲਾਂ ਦੀਆਂ ਠੰਡੀਆਂ ਰਾਤਾਂ ਨੂੰ
ਦਿਨ ਚੜ੍ਹਦਿਆਂ ਹੀ
ਸੂਰਜ ਦੀ ਮੱਠੀ ਮੱਠੀ
ਧੁੱਪ 'ਚ ਸਕਾਉਂਦਾ ਸਾਂ ਜਾਂ ਫਿਰ ?
'ਨੀਲਇੰਦਰ' ਦੇ ਪ੍ਰਕੋਪ 'ਚ
ਕਿਸੇ ਕੱਚੇ ਕੋਠੇ ਵਾਂਗ
ਯਾਦਾਂ ਦੀ ਸਿੱਲ ਨਾ ਸਹਾਰ ਹੋਵੇ
ਤੇ ਤਿੱਪ-ਤਿੱਪ ਕਰਕੇ ਚੋਂਦਾ ਸਾਂ
ਜਾਂ ਫਿਰ ਯਾਦ ਨਹੀਂ ?
ਉਹਦੇ ਘਰ 'ਚ ਚਲਦੇ ਸੀ
ਖੁਸ਼ੀਆਂ ਦੇ ਸੁਹਾਗ
ਮੈਂ ਘੋੜੀਆਂ ਦੀ ਥਾਂ
ਕੀਰਨਿਆਂ ਦੀਆਂ ਤੁਕਾਂ
ਗੁਣਗੁਣਾਉਂਦਾ ਸਾਂ
ਮੈਨੂੰ ਯਾਦ ਏ
ਕੁਝ ਚਿਰ ਗੁਜ਼ਾਰਿਆ ਜਨਤ
ਦੇ ਵਾਂਗ ਉਹਨਾਂ
ਪਰ ਤੂੰ ਯਾਦ ਰੱਖ
ਜਦ ਦਗਾ ਦੇ ਗਈ
ਕੁਝ ਐਸੀ ਭੈੜੀ ਸਜ਼ਾ ਦੇ ਗਈ
ਲੋਕਾਂ ਦੇ ਤਾਅਨਿਆਂ ਨੂੰ
ਰਾਤੀਂ ਤਾਰਿਆਂ ਦੀ ਲੋਏ

ਕਦੇ ਹਨੇਰੀ ਰਾਤ 'ਚ
ਜਦ ਮੈਂ ਰੋਂਦਾ ਸਾਂ
ਹੁਣ ਤਾਂ ਮਰ ਗਿਆ ਹਾਂ
ਕਦ ਦਾ ਹੀ
ਹੱਸਦਾ ਸੀ ਜਦ ਮੈਂ ਜਿਉਂਦਾ ਸਾਂ
ਮਰਨ 'ਚ ਹੀ ਸਕੂਨ ਆਉਂਦਾ ਏ
ਜਿਊਣ ਦੀ ਵਜਾ ਸਿਰਫ
ਜਾਮ ਹੋ ਗਿਆ ਏ
ਗੀਤ ਮੇਰਾ ਕਿਉਂ ਬੇਈਮਾਨ ਹੋ ਗਿਆ ਏ
ਫਰਿਆਦ ਦਾ ਗੀਤ ਕਿਉਂ ਬੇਈਮਾਨ ਹੋ ਗਿਆ ਏ

♣

## ਗਰੀਬ ਕਵੀ

ਮੈਂ ਗਰੀਬ ਕਵੀ ਹਾਂ,
ਕਿਥੋਂ ਸ਼ਬਦ ਲਿਆਵਾਂ,
ਕਿਹੜੀ ਭਾਸ਼ਾ ਦੇ ਬੂਹੇ ਮੈਂ ਮੰਗਣ ਜਾਵਾਂ,
ਬੇਲੂਣੀ ਜਿਹੀ ਤੁੱਕ ਨੂੰ ਮੈਂ ਸਿਰੇ ਚੜ੍ਹਾਵਾਂ।
ਕਿਥੋਂ ਭਾਲਾਂ ਉਹ ਅਵਾਜ਼ ਜੋ ਤੇਰੇ ਕੰਨੀ ਪਹੁੰਚਾਵੇ
ਚੜ੍ਹ ਜੋਬਨ ਵਿਚ ਲਿਖੇ ਬਿਰਧ ਗੀਤ ਨੂੰ,
ਤੈਨੂੰ ਸੁਣਾਵੇ
ਦੱਸ ਫਿਰ ਅਖਵਾਰਾਂ ਦੇ ਪਹਿਲੇ ਸਫੇ ਤੇ ਮੈਂ ਛਪਵਾਵਾਂ
ਜਾਂ ਪੈਂਡਾ ਕਰ ਕਈ ਕੋਹਾਂ ਤੇਰੇ ਦਰ 'ਤੇ ਆਵਾਂ
ਤੇਰੇ ਕੰਨੀ ਪਾਵਾਂ।
ਇਹ ਗੀਤ ਅਮਰ ਹੋ ਜਾਵੇ,
ਨਿਕਲਣ ਅਟਕੇ ਸਾਵਾਂ।
ਜੇ ਨਹੀਂ ਸੁਣਨਾ ਫੂਕ ਦੇਵਾਂ ਚਿੱਤਾ 'ਤੇ ਰੱਖਕੇ
ਜਾਂ ਵਿਚ ਕਬਰਾਂ ਦਫਨਾਵਾਂ।
ਮੈਂ ਗਰੀਬ ਕਵੀ ......

ਮੈਂ ਕਈ ਦਰ ਖੜਕਾਏ ਨੇ,
ਮਿਨਤਾਂ ਤਰਲੇ ਪਾਏ ਨੇ।
ਸ਼ਬਦ ਕਿਥੋਂ ਕਿਥੋਂ ਖਰੀਦ ਲਿਆਏ ਨੇ,
ਤੇਰੇ ਇਹ ਗੀਤ ਮੇਚ ਆ ਜਾਣੇ,
ਆਖਿਆ ਜਮਲੇ ਦੀ ਰੂਹ ਨੂੰ,
ਉਹ ਆ ਕੇ ਗਾਵੇ,
ਆਪਣੀ ਕੰਬਦੀ ਆਵਾਜ਼ ਵਿਚ,

ਮੇਰੀ ਅਰਜ਼ ਪਾਹੁੰਚਾਵੇ,
ਕੁਝ ਥਾਂ ਲੈ ਤੇਰੇ
ਤੇਰੇ ਦਿਲ ਵਿਚ ਇਕ ਕੁੱਲੀ ਪਾਵਾਂ,
ਨਿਤ ਆਵਾਂ ਜਾਵਾਂ
ਮੈਂ ਗਰੀਬ ਕਵੀ ਹਾਂ,
ਕਿਥੋਂ ਸ਼ਬਦ ਲਿਆਵਾਂ,
ਕਿਹੜੀ ਭਾਸ਼ਾ ਦੇ ਬੂਹੇ ਮੈਂ ਮੰਗਣ ਜਾਵਾਂ,
ਬੇਲੂਣੀ ਜਿਹੀ ਤੁੱਕ ਨੂੰ ਮੈਂ ਸਿਰੇ ਚੜ੍ਹਾਵਾਂ।

♣

## ਗਮਾਂ ਦੀ ਗਰਾਹੀ

ਮੈਂ ਰੋਜ਼ ਦਿਨ ਭਰ
ਗਮਾਂ ਦੀ ਗਰਾਹੀ ਕਰਦਾ ਹਾਂ
ਪੀਂਦਾ ਹਾਂ ਰੋਜ਼ ਜਾਮ ਭਰ ਰਾਤੀਂ,
ਦੁੱਖਾਂ ਨਾਲ ਢਿੱਡ ਭਰਦਾ ਹਾਂ।
ਮੈਂ ਰੋਜ਼ ਦਿਨ ਭਰ
ਗਮਾਂ ਦੀ ਗਰਾਹੀ ਕਰਦਾ ਹਾਂ।
ਮੰਗਦਾ ਹਾਂ ਕਿਸੇ ਦਰ ਅੱਗੇ,
ਜਦ ਖੜ੍ਹਾ ਹੁੰਦਾ ਹਾਂ,
ਇਕ ਅਣਖੀ ਪਿਉ ਦੀ ਗੋਰੀ ਮਾਂ ਦੀ
ਲਾਡਲੀ ਦਰ ਤੇ ਆਉਂਦੀ ਹੈ।
ਉਹਨੂੰ ਭਰਮਾਉਂਦਾ ਹਾਂ।
ਮੇਰਾ ਝੋਲਾ ਗਮਾਂ ਨਾਲ
ਭਰਿਆ ਏ, ਦੇਈ ਖੁਸ਼ੀ
ਏਹੀ ਜ਼ਰਾ ਸਮਝਾਉਦਾ ਹਾਂ
ਵਾਅਦਾ ਕਰਦੀ ਏ
ਪਿਆਰ ਖੁਸ਼ੀ ਦੇਣ ਦਾ
ਮੰਗਤਾ ਬਣ ਇਸ਼ਕ ਦਾ
ਗੀਤ ਸੁਣਾਉਦਾ ਹਾਂ।
ਵਿਸ਼ ਘੋਲਦਾ ਏ,
ਮੇਰਾ ਮੰਨ ਆਤਮਾ ਦਾ ਫਨੀਅਰ,
ਜਦ ਅੰਗ ਨਾਲ ਅੰਗ ਛੁਹਾਉਂਦਾ ਹਾਂ।
ਕਰਦਾ ਏ ਆਸ ਮਨੋ ਵਧ ਕੇ,
ਤੂੰ ਦਰ ਦਾ ਮੰਗਤਾ
ਮੈਂ ਮਨ ਨੂੰ ਸਮਝਾਉਂਦਾ ਹਾਂ।

ਫਿਰ ਕੁਝ ਇਹੋ ਬੁਝਾਰਤ ਪਾ ਕੇ
ਦਰ ਦਾ ਜੋਗੀ ਬਣਾ ਕੇ,
ਖੁਸ਼ੀਆਂ ਲੈਣ ਗਈ
ਕਿਹੜੇ ਅੰਦਰ ਜਾ ਕੇ ਬੈਠੀ
ਦੇਖਿਆ ਨਾ ਆ ਕੇ,
ਫਿਰ ਮੈਂ ਰੋਨਾ ਹਾਂ।
ਅਣਖੀ ਪਿਉ ਅੰਦਰੋਂ ਆਉਂਦਾ ਏ,
ਦੁੱਖਾਂ ਗੰਮਾ ਦਾ ਪਰਾਗਾ
ਮੇਰੀ ਝੋਲੀ ਵਿਚ ਪਾਉਂਦਾ ਏ।
ਮੰਗ ਕੋਈ ਦਰ ਹੋਰ ਤੂੰ,
ਜੋ ਮੁਫਤ ਪਿਆਰਾ ਮੰਗਦਾ ਏ,
ਮੈਨੂੰ ਲਗਦਾ ਬਨਾਰਸੀ ਚੋਰ ਤੋਂ,
ਚਲ ਜਾਵੇ,
ਨਹੀਂ ਤਾਂ ਦਖਾਵਾਂ ਆਪਣੇ ਜ਼ੋਰ ਨੂੰ,
ਜੇ ਨਹੀ ਮੰਨਦਾ
ਤਾਂ ਖਾਕੀ ਵਰਦੀ ਵਾਲਾ ਸਪਾਹੀ ਅੱਗੇ ਕਰਦਾ ਹਾਂ।
ਮੈਂ ਰੋਜ਼ ਦਿਨ ਭਰ ......
ਜਦ ਛਾਹ ਵੇਲੇ
ਘਰ ਮੁੜਦਾ ਹਾਂ,
ਕੋਸੇ ਪਾਣੀ ਵਿਚ ਦੁੱਖਾਂ ਨੂੰ ਸੁਟਦਾ ਆਂ,
ਕੁਝ ਨਰਮ ਹੋ ਜਾਂਦੇ ਨੇ,
ਗੰਮ ਪਾਣੀ ਵਿਚ ਮਿਲ ਜਾਂਦੇ ਨੇ,
ਦੁੱਖਾਂ ਨੂੰ ਫਿਰ ਖਾਨਾ ਹਾਂ,
ਕਿਤੇ ਅਟਕਣ ਨਾ ਵਿਚ ਗਲੇ,
ਗਮਾਂ ਦਾ ਪਾਣੀ ਨਾਲ ਲੰਘਾਉਦਾ ਹਾਂ।
ਲੰਮਿਆਂ ਪਿਆ ਨੀਦ ਨਾ ਆਵੇ
ਜਦ ਮੈਂ ਸੌਂਦਾ ਹਾਂ।

ਫਿਰ ਦਿਨ ਚੜ੍ਹਦੇ ਹੀ
ਖਾਲੀ ਝੋਲੀ ਚੁਕਦਾ ਹਾਂ।
ਘਰੋਂ ਪੈਰ ਪੁੱਟਦਾ ਹਾਂ।
ਮਿਲੇ ਪਿਆਰ ਗਮ ਦੁੱਖ ਨਾ ਮਿਲਣ,
ਜਿਨ੍ਹਾਂ ਤੋਂ ਰੋਜ਼ ਰਾਤ ਨੂੰ ਮੈਂ ਡਰਦਾ ਹਾਂ।
ਮੈਂ ਰੋਜ਼ ਦਿਨ ਭਰ
ਗਮਾਂ ਦੀ ਗਰਾਹੀ ਕਰਦਾ ਹਾਂ
ਪੀਨਾ ਹਾਂ ਰੋਜ਼ ਜ਼ਾਮ ਭਰ ਰਾਤੀ,
ਦੁੱਖਾਂ ਨਾਲ ਢਿੱਡ ਭਰਦਾ ਹਾਂ।
ਮੈਂ ਰੋਜ਼ ਦਿਨ ਭਰ
ਗਮਾਂ ਦੀ ਗਰਾਹੀ ਕਰਦਾ ਹਾਂ।

♣

## ਵਾਸਤਾ

ਕਿਉਂ ਰੋਵਾਂ ਤੇਰੇ ਲਈ,
ਮੇਰਾ ਕੀ ਤੇਰੇ ਨਾਲ ਵਾਸਤਾ ਏ ?
ਕਿਉਂ ਇਕੱਠੇ ਤੁਰੀਏ,
ਮੇਰੀ ਮੰਜ਼ਲ ਤੇਰਾ ਹੋਰ ਰਾਸਤਾ ਏ ?
ਕਿਉਂ ਫੁੱਟ ਤੋੜਾਂ ਟਾਣੀਉਂ ?
ਜੇ ਫੁੱਲ ਦੀ ਨਹੀਂ ਕਦਰ ਪਾਉਣੀ,
ਤੇ ਟਾਹਣੀ ਦੀ ਵੀ ਹਾਅ ਲਾਉਣੀ
ਜਿਹੜੀ ਵਜਦੀ ਨਹੀਂ ਵਫਾ ਦੇ ਨਾਲ ਵੇ,
ਉਹ ਪਿਆਰ ਦੀ ਬੀਨ ਮੈਂ ਕਿਉਂ ਵਜਾਉਣੀ
ਜਿੰਦ ਮੰਨਦੀ ਨਹੀਂ ਤੇਰੇ ਤੋਂ ਬਿਨਾਂ ਜਿਉਣ ਲਈ,
ਕੱਲਿਆਂ ਰਹਿਣ ਦੀ ਜੁਗਤ ਇਹਨੂੰ ਮੈਂ ਸਖਾਉਣੀ।
ਉਠਦਾ ਸੀ ਜੋ ਪਿਆਰ,
ਮਨ ਵਿਚ ਤੇਰੇ ਲਈ,
ਸਪਾਰੀ ਦੇ ਮਰਵਾ ਦਿੱਤਾ ਏ,
ਮੈਂ ਕਿਉਂ ਰੋਵਾਂ ......

ਕਿਉਂ ਤੇਰੀਆਂ ਯਾਦਾਂ ਨੂੰ ਯਾਦ ਕਰਾਂ ?
ਕਿਉਂ ਪਲ ਪਲ ਮੈਂ ਮਰਾਂ ?
ਕਿਉਂ ਮੈਂ ਹਿਜਰਾਂ ਵਿਚ ਸੜਾ ?
ਕਿਉਂ ਜੁਦਾਈਆਂ ਨੂੰ ਮੈਂ ਜ਼ਰਾਂ ?
ਕਿਉਂ ਨਾ ਮੈਂ ਹੋਸ਼ ਕਰਾਂ ?
ਤੇਰੀਆਂ ਇਹ ਕੁਝ ਨਹੀਂ ਲੱਗਦੀਆਂ।
ਸਮਝ ਗਿਆ ਏ,
ਮੈਂ ਦਿਲ ਨੂੰ ਸਮਝਾ ਦਿੱਤਾ ਏ,
ਮੈਂ ਕਿਉ ਰੋਵਾਂ ......

ਕਿਉਂ ਪੈਂਡਾਂ ਕਰਾਂ ਤੇਰੇ ਪਿੰਡ ਵੱਲ ਦਾ ?
ਕਿਉਂ ਹੁੰਗਾਰਾ ਭਰਾਂ, ਤੇਰੀ ਗੱਲ ਦਾ ?
ਕਿਉਂ ਉਨਾਂ ਰੁੱਖਾਂ ਹੇਠ ਜਾ ਬੈਠਾਂ ?
ਜਿਹਦੀ ਛਾਂ ਦਾ ਮੁੱਲ ਨਾ ਤਾਰ ਹੋਇਆ,
ਕਈ ਸਾਲਾਂ ਦਾ ਕਰਜ਼ ਜੋ ਤੂੰ ਚੜ੍ਹਾ ਦਿੱਤਾ ਏ,
ਮੈਂ ਕਿਉਂ ਰੋਵਾਂ ......

ਕਿਉਂ ਮੈਂ ਰੱਬ ਤੋਂ ਪਹਿਲਾਂ ਤੈਨੂੰ ਪੂਜਾਂ
ਕਿਉਂ ਸਮਝਾਂ ਤੇਰੇ ਬਿਨ ਨਹੀਂ ਕੋਈ ਦੂਜਾ,
ਜੇ ਰੱਬ ਵਰਗੇ ਯਾਰ ਨੂੰ ਹੀ ਭੁਲਾ ਦਿੱਤਾ ਏ,
ਮੈਂ ਕਿਉਂ ਰੋਵਾਂ ......

ਜੇ ਤੂੰ ਸਾਹਿਬਾਂ ਬਣ ਗਈ,
ਕਿਉਂ ਮਿਰਜ਼ਾ ਬਣੇ ਫਰਆਦ ?
ਕਿਉਂ ਦਗੇਬਾਜ਼ ਇਸ਼ਕ ਲਈ ਮਰੇ ਫਰਆਦ ?
ਜੇ ਤੂੰ ਭੁਲ ਗਈ
ਅਸੀਂ ਵੀ ਤੈਨੂੰ ਭੁਲਾਤਾ ਏ,
ਕਿਉਂ ਰੋਵਾਂ ਤੇਰੇ ਲਈ,
ਮੇਰਾ ਕੀ ਤੇਰੇ ਨਾਲ ਵਾਸਤਾ ਏ ?
ਕਿਉਂ ਇਕੱਠੇ ਤੁਰੀਏ,
ਮੇਰੀ ਮੰਜ਼ਲ ਤੇਰਾ ਹੋਰ ਰਾਸਤਾ ਏ ?

♣

## ਦੱਸੋ ਕਿਉਂ ਮੈਂ ਸ਼ਿਵ ਬਣਾਂ

ਕਿਉਂ ਮੈਂ ਤੇਰੇ
ਵਾਂਗ ਬਣਾ
ਕਿਉਂ ਮੈਂ ਦੱਸ
ਇੱਸ਼ਕ ਕਰਾਂ
ਕਿਉਂ ਨਿੱਕੀ ਉਮਰੇ
ਮੈਂ ਮਰਾਂ
ਦੱਸੋ ਕਿਉਂ ਮੈਂ ਸ਼ਿਵ ਬਣਾਂ।

ਦੋਸ਼ੀ ਬੇਦੋਸ਼ੀ
ਉਹ ਲੂਣਾ ਤੇਰੇ
ਜ਼ਹਿਨ ਦੀ
ਉਹ ਚਮਾਰੀ–ਉਹ ਬਚਾਰੀ
ਉਹ ਕਰਮਾ ਮਾਰੀ
ਤੇਰੇ ਜ਼ਹਿਨ ਦੀ
ਉਹ ਅੱਖਾਂ ਦਾ ਤਰਸ
ਸੁੰਦਰਤਾ ਦਾ ਅਰਸ਼
ਉਹ ਸਲਵਾਨ ਦੀ ਗਰਜ਼
ਲੂਣਾ ਦੀ ਪੂਰਨ ਨੂੰ ਅਰਜ
ਤੇਰੇ ਜ਼ਹਿਨ ਦੀ
ਕਿਉਂ ਮੈਂ ਇਸ ਬਦਨਾਮੀ
ਦੇ ਖੂਹੇ ਵੜਾ
ਕਿਉਂ ਮੈਂ ਲੂਣਾ ਲਈ ਲੜਾਂ
ਕਿਉਂ ਮੈਂ ਤੇ ਵਾਂਗ ......

ਕਿਉਂ ਮੈਂ ਸ਼ਰਾਬੀ ਬਣ ਜਾ
ਬਿਨਾਂ ਗੱਲ ਤੋਂ

ਧੂੰਏ ਨਾਲ ਕਮਰਾ ਭਰ ਦਾਂ
ਬਿਨਾਂ ਗੱਲ ਤੋਂ
ਮੇਰੀ ਕਿਹੜੀ ਮਸ਼ੂਕ
ਮੈਨੂੰ ਛੱਡ
ਪ੍ਰਦੇਸੀਂ ਤੁਰ ਗਈ,
ਉਹ ਕਿਹੜਾ ਮੇਰੇ
ਰੇਸ਼ੀ ਖੁਰ ਗਈ।
ਚੰਦਰੀ ਨੇ ਤਾਂ
ਸਿਰਫ ਧੋਖਾ ਦਿੱਤਾ
ਛੇਤੀ ਦਿੱਤਾ
ਥੋੜ੍ਹਾ ਸੌਖਾ ਦਿੱਤਾ
ਇਹ ਉਹਦੀ ਵਜ਼ਾ
ਹੋਣੀ ਏ ਕੋਈ,
ਮੇਰੇ ਕਿਸੇ ਪਾਪਾਂ ਦੀ
ਸਜ਼ਾ ਹੋਣੀ ਏ ਕੋਈ
ਸਜ਼ਾ ਨਾ ਕਟਾਂ
ਕਿਉਂ ਮੈਂ ਦੱਸੋ ਕਾਇਰ ਬਣਾ।
ਕਿਉਂ ਮੈਂ ਤੇਰੇ ਵਾਂਗ......

ਮੈਂ ਤਾਂ ਸੁਣਿਆ
ਉਹ ਵਿਆਹ
ਵੀ ਹੋ ਗਈ
ਮੇਰੀ ਜਿੰਦ ਉਹਦੀਆਂ
ਭੈੜੀਆਂ ਯਾਦਾਂ ਤੋਂ
ਰਿਹਾ ਵੀ ਹੋ ਗਈ।
ਮੇਰਾ ਤਾਂ

ਉਸ ਦਾ ਇਸ਼ਕ
ਮਰਿਆ ਕਈ ਸਾਲਾਂ ਦਾ
ਹੁਣ ਇਸ਼ਕ ਦੀ ਜ਼ਿੰਦ
ਸੁਆਹ ਵੀ ਹੋ ਗਈ।
ਮੇਰੀਆਂ ਆਸਾਂ
ਨੂੰ ਅੱਗ ਲਾ ਕੇ
ਲਈਆਂ ਚਾਰ ਲਾਵਾਂ,
ਉਹ ਬਾਬੇ ਦੀ ਬਾਣੀ,
ਗਵਾਹ ਵੀ ਹੋ ਗਈ।
ਉਹਨੂੰ ਛੱਡਿਆ
ਕਈ ਵਰ੍ਹੇ ਹੋ ਗਏ ਆ,
ਮਨ ਉਹਦੇ ਚੋਂ
ਸਾਡੇ ਖਿਆਲ ਵੀ ਸੌਂ ਗਏ ਆ
ਵਰਿੰਦਰ 'ਫਰਹਾਦ' ਦੀ ਸੋਚ ਵੀ
ਹੁਣ ਪਿਛਾਂਹ ਜਿਹੀ ਹੋ ਗਈ ਐ।
ਤੂੰ ਕੀ ਕਹਿਨਾ
ਫਿਰ ਸੋਚਾਂ ਤੇ ਫਿਰ ਪਿਆਰ ਕਰਾਂ
ਬੁੱਲੇ ਸ਼ਾਹ ਵਾਰਸਸ਼ਾਹ ਫਿਰ ਤੋਂ ਬਣਿਆ
ਕਿਉਂ ਮੈਂ ਦੱਸ ਸ਼ਾਇਰ ਬਣਾ
ਕਿਉਂ ਮੈਂ ਸ਼ਿਵ ਬਣਾਂ।
ਕਿਉਂ ਮੈ ਤੇਰੇ
ਵਾਂਗ ਬਣਾ
ਕਿਉਂ ਮੈਂ ਦੱਸ
ਇੱਸ਼ਕ ਕਰਾਂ
ਕਿਉਂ ਨਿੱਕੀ ਉਮਰੇ
ਮੈਂ ਮਰਾਂ
ਦੱਸੋ ਕਿਉਂ ਮੈਂ ਸ਼ਿਵ ਬਣਾਂ।

♣

## ਮੇਰੀ ਯਾਰੀ

ਕੁਝ ਇੰਝ ਟੁੱਟੀ ਮੇਰੀ ਯਾਰੀ,
ਬੇਕਦਰਾਂ ਨਾਲ ਲਾ ਕੇ ਬੈਠੀ,
ਜਿੰਦ ਕਰਮਾਂ ਮਾਰੀ,
ਪਤਾ ਨਹੀਂ ਕਿ ਉਹਨੂੰ ਮੇਰੀ
ਬਰਬਾਦੀ ਦਾ ਗਮ ਲੈ ਬੈਠਾ
ਜਾਂ ਕਿਸੇ ਵੱਡੇ ਸੇਠ ਦਾ
ਲਾਡਲਾ ਪੁੱਤ ਜੇਠਾ
ਜੇ ਇਹੋ ਜਿਹੀ ਗੱਲ ਹੈ
ਮਾਤ੍ਰੜਾਂ ਨੂੰ ਛੱਡ
ਕਿਸੇ ਸੇਠ ਦੀ ਰੰਨ ਹੈ,
ਅਤਵਾਰ ਕਿਦਾਂ ਕਰਾਂ,
ਸ਼ਾਹੂਕਾਰ ਦੀ ਦੌਲਤ
ਕਈ ਸਾਲਾ ਪਿਆਰ ਤੇ ਪੈ ਗਈ ਭਾਰੀ
ਕੁਝ ਇੰਝ ਟੁੱਟੀ......

ਗੱਲ ਕਰਨੇ ਦਾ ਜ਼ਰੀਆ,
ਫ਼ੂਨ ਵੀ ਆਉਣੋ ਘੱਟ ਗਿਆ ਸੀ,
ਉਸ ਦੀ ਲਫਜ਼ਾਂ ਦੀ ਕਤਾਰ ਚੋਂ,
ਜਾਨ ਸ਼ਬਦ ਹੱਟ ਗਿਆ ਸੀ,
ਜਦ ਮੈਂ ਪੁਛਿਆ ਮੇਰੇ
ਪਹਿਲੇ ਪਿਆਰ ਦਾ
ਚਿੱਠੀ ਪੱਤਰ ਕਿਥੇ ਹੈ,
ਤੇ ਕਹਿਣ ਲੱਗੀ
ਯਾਰ ਉਹ ਤਾਂ ਬਹੁਤ ਚਿਰ ਫੱਟ ਗਿਆ ਸੀ,
ਗੁੰਝਲਾਂ ਪਈਆਂ ਦੇਖ

ਮੁਹੱਬਤ ਦੀ ਡੋਰ ਚ
ਬਿਨਾਂ ਕਢਿਆਂ ਹੀ ਤੋੜ ਮੁੱਢੋਂ
ਇਕ ਨਵੇਂ ਪਿੰਨੇ ਨਾਲ ਲਗਦਾ
ਪਿਆਰ ਮੇਰਾ ਗਠ ਗਿਆ ਸੀ,
ਫਿਰ ਮੈਂ ਕਦੇ ਕਦੇ
ਗੁੰਝਲਾਂ ਭਰੀ ਡੋਰ ਨਾਲ
ਗੁੱਡੀ ਚੜ੍ਹਾਉਣ ਦੀ
ਕੋਸ਼ਿਸ਼ ਮੈਂ ਕਰਦਾ ਹਾਂ,
ਨਾ ਚੜ੍ਹਦੀ ਏ
ਨਾ ਫਟਦੀ ਏ,
ਐਸੀ ਕਿਸਮਤ ਮੇਰੀ ਮਾੜੀ,
ਕੁਝ ਇੰਝ ਟੁੱਟੀ ਮੇਰੀ ......

ਨਾਰੀ ਜ਼ਾਤ ਕੁਲੱਛਣੀ
ਦਗਾ ਕਮਾਉਣਾ ਇਕ ਲਾਹੁਣਾ
ਦੂਜਾ ਪਾਉਣਾ
ਇਸ ਮਰਜ਼ ਦੀ ਦਵਾ ਨਾ ਕੋਈ,
ਇਕ ਵੱਡੀ ਕਸਰ ਹੈ ਇਹ
ਛੱਡਿਆ ਕਾਤੋਂ ?
ਬਾਹਲੀ ਸੋਹਣੀ ਵੀ ਨਾ
ਨਾ ਹੀ ਨੈਣ ਤਿਰਛੇ
ਲੱਕੋ ਉਪਰੋ – ਥੱਲੇ ਵਾਧੇ
ਤਨ ਦਾ ਅਸਰ ਹੈ ਇਹ,
ਹੁਣ ਤਾਂ ਮੈਨੂੰ ਲਗਦੀ ਏ
ਧੋਖਿਆਂ ਨਾਲ ਭਰੀ ਸਾਰੀ ਦੀ ਸਾਰੀ
ਕੁਝ ਇੰਝ ਟੁੱਟੀ ਮੇਰੀ ਯਾਰੀ,
ਬੇਕਦਰਾਂ ਨਾਲ ਲਾ ਕੇ ਬੈਠੀ,
ਜਿੰਦ ਕਰਮਾਂ ਮਾਰੀ।

## ਮੇਰਾ ਕਮਰਾ

ਮੇਰੇ ਵਾਂਗੂ ਮੇਰਾ
ਕਿਰਾਏ ਦਾ ਕਮਰਾ
ਮੇਰਾ ਸਾਵਲਾ,
ਉਹਦਾ ਪੀਲਾ ਚਮੜਾ।
ਟੁੱਟਿਆ ਦਰਵਾਜ਼ਾ ਖੌਰੇ ਉਹਦਾ ਦਿਲ ਹੈ,
ਕੁਝ ਦਿਨ ਗੁਜ਼ਾਰੇ ਹੋਣਗੇ।
ਜਿਹਦੀ ਗੋਰੀ ਗਲ੍ਹ ਤੇ ਤਿੱਲ ਹੈ,
ਲਗਦਾ ਕਈ ਵਾਰੇ ਰੋਇਆ ਹੋਵੇ।
ਤਾਜ਼ਾ ਕਮਰਾ ਧੋਇਆ ਹੋਵੇ।
ਉਹਦੇ ਫਰਸ਼ਾਂ ਵਿਚ ਅਜੇ ਸਿੱਲ ਹੈ।
ਜਿਵੇਂ ਮੈਂ ਮਰਿਆ,
ਅੱਜ ਤੱਕ ਨਾ ਉਹਦੇ ਬਿਨ ਸਰਿਆ,
ਠੋਕਰਾਂ ਲੱਗੀਆਂ ਦੇਖ ਦਰਵਾਜ਼ੇ 'ਚ
ਇਉਂ ਲਗਦਾ ਮੇਰਾ ਹੀ ਦਿੱਲ ਹੈ।
ਹਾਲਤ ਦੇਖ ਇਹਦੀ
ਅੱਖ ਨਾ ਮੇਰੀ ਰੂਹ ਰੋਂਦੀ।
ਸਮਝ ਗਿਆ
ਹੁਸਨ ਹੀ ਇਸ ਦਾ ਕਾਤਲ ਹੈ।
ਹੁਣ ਹੱਲ ਏਹੋ,
ਜਿਥੇ ਮੁਕਣੀ ਗੱਲ ਏਹੋ,
ਉਹ ਥਾਂ ਏ ਸਿਰਫ ਕਬਰਾਂ,
ਮੇਰੇ ਵਾਂਗੂ ......

ਪੈਰ ਧਰਦਿਆਂ ਹੀ
ਸੱਜੇ ਹੱਥ ਤੇ ਇਕ ਛੋਟਾ ਜਿਹਾ ਮੰਦਿਰ ਹੈ,
ਵਿਚ ਮਾਰਬਲ ਸਜਿਆ ਹੋਇਆ ਹੈ,
ਕਿਸੇ ਮਹਾਂਪੁਰਸ਼ ਦੀ ਫੋਟੋ ਪਿੱਛੇ 'ਲੁੱਕੀ ਪਈ'
ਅਣਜਾਣੀ ਜਿਹੀ ਉਹਦੀ ਫੋਟੋ ਦੇ ਅੰਦਰ ਹੈ,
ਕੌਣ ਜਿੱਤ ਲੈ ਗਿਆ
ਏਥੋਂ ਖਿੱਚ ਲੈ ਗਿਆ।
ਇਹ ਭੈੜਾ ਸੁਅੰਬਰ ਹੈ,
ਕੌਣ ਜਾਣੇ ਦਿਲ ਤੋੜੇ ਦਾ
ਘੁੰਮਦੀ ਹਉ ਭੈੜੀ ਦੁਨੀਆ ਚ
ਜਾਂ ਵਿਚ ਅੰਬਰ ਹੈ।
ਲੱਗੇ ਗੋਰੀ ਮਾਂ ਦੀ ਜਾਈਏ,
ਵਿਚ ਤਸਵੀਰ ਜੋ ਸਮਾਈ ਏ,
ਮੈਨੂੰ ਲਗਦਾ ਉਹ ਹੀਰ ਦਾ ਕੁੱਲ ਹੈ,
ਜਾਂ ਤਾਜ਼ਾ ਖਿੜਿਆ ਫੁੱਲ ਹੈ।
ਰੌਣਕਾਂ ਲਾਈਆਂ ਹੋਣੀਆਂ ਕਿਸੇ ਬਗੀਚੇ ਨੂੰ,
ਰੋਆ ਏ ਖੰਡਰ ਨੂੰ ਲੈ ਗਿਆ ਕਰਮਾਂ ਵਾਲਾ
ਜਾਂ ਕੋਈ ਗਮਲਾ ।
ਮੇਰੇ ਵਾਂਗੂ ਮੇਰਾ
ਕਿਰਾਏ ਦਾ ਕਮਰਾ
ਮੇਰਾ ਸਾਵਲਾ,
ਉਹਦਾ ਪੀਲਾ ਚਮੜਾ।

♣

# ਦੀਵਾਲੀ

ਐਤਕੀਂ ਦੀਵਾਲੀ 'ਤੇ ਕਿਤੇ
ਦੀਵੇ ਨਾ ਖਰੀਦ ਲਈ
ਜਲਦਾ ਹੋਇਆ ਦਿਲ ਲੈ ਜਾਈਂ
ਬਨੇਰੇ ਉਤੇ ਰੱਖਣ ਨੂੰ
ਹੰਝੂਆਂ ਦਾ ਤੇਲ ਪਾ ਲਈਂ
ਦਿਲ ਨੂੰ ਤੂੰ ਅੱਗ ਲਾ ਦੇਈਂ
ਖੁਸ਼ੀਆਂ ਦੇ ਗੀਤ ਗਾ ਲਈਂ
ਬੁਝ ਨਾ ਜਾਵੇ ਇਹੋ
ਬੱਤੀ ਲੈ ਜਾਈਂ ਪਿਆਰ ਵਾਲੀ
ਹੌਲੀ ਹੌਲੀ ਧੁੱਖਣ ਨੂੰ
ਐਤਕੀ ਦੀਵਾਲੀ ਕਿਤੇ
ਦੀਵੇ ਨਾ ਖਰੀਦ ਲਈਂ
ਜਲਦਾ ਹੋਇਆ ਦਿਲ ਲੈ ਜਾਈਂ
ਬਨੇਰੇ ਉਤੇ ਰੱਖਣ ਨੂੰ
ਧੁੱਖ ਧੁੱਖ ਕੇ ਪਿਆਰ ਇਹ
ਜਦ ਮੁੱਕ ਜਾਵੇ
ਹੰਝੂਆਂ ਦਾ ਤੇਲ ਜਦ
ਸੁੱਕ ਜਾਵੇ
ਬਨੇਰੇ ਉਤੋਂ ਲਾਹ ਇਹਨੂੰ
ਰੱਖ ਲਈਂ ਤੂੰ ਇਹ ਵਿਹੜੇ
ਦੀਵਿਆਂ ਤੇ ਪੈਸੇ
ਖਰਚਣੇ ਸੀ ਤੂੰ ਜਿਹੜੇ

ਕੱਫਣ ਲੈ ਲਈਂ ਤੂੰ ਇਹਦਾ
ਇਸ ਨਿਮਾਣੇ ਨੂੰ ਢੱਕਣ ਨੂੰ
ਐਤਕੀਂ ਦੀਵਾਲੀ 'ਤੇ ਕਿਤੇ
ਦੀਵੇ ਨਾ ਖਰੀਦ ਲਈਂ
ਜਲਦਾ ਹੋਇਆ ਦਿਲ ਲੈ ਜਾਵੀਂ
ਬਨੇਰੇ ਉਤੇ ਰੱਖਣ ਨੂੰ

♣

# ਦੁੱਖ

ਮੇਰੇ ਦੁੱਖ ਜਵਾਨ ਹੋ ਗਏ ਨੇ,
ਮੇਰੇ ਸੁੱਖ ਕਈ ਵਰਿਆਂ ਤੋਂ ਸੌਂ ਗਏ ਨੇ,
ਮੇਰੀ ਉਮਰ ਨਾਲੋਂ
ਇਹ ਦੁਗਣੇ ਵਧਦੇ ਨੇ,
ਨਾ ਮਰਨ ਦਿੰਦੇ
ਨਾ ਖਹਿੜਾ ਛੱਡਦੇ ਨੇ,
ਦਿਤੇ ਜਿਨ੍ਹਾਂ ਨੇ
ਉਹ ਆਪਣੇ ਹੀ ਨੇ,
ਗਮਾਂ ਨੂੰ ਛੱਟਦੇ ਨੇ,
ਮੇਰੇ ਦਿੱਲ ਆਤਮਾ ਤੇ
ਇਕ ਸੁਰਖ ਚਿਹਰੇ ਦਾ ਵਾਰ ਹੋਇਆ,
ਮੈਂ ਭਰਦਾ ਰਿਹਾ ਖ਼ੁਸ਼ੀਆਂ ਦੀਆਂ ਮਲ੍ਹਮਾਂ ਨਾਲ,
ਇਹ ਨੌਂਹਾਂ ਨਾਲ ਕਿਉਂ ਪੁਟਦੇ ਨੇ
ਅੱਖ ਲਾਉਣ ਤੋਂ ਪਹਿਲਾਂ
ਬਰਬਾਦੀ ਦਾ ਜਸ਼ਨ ਕਰਦੇ ਨੇ,
ਫਿਰ ਗਮਾਂ ਦਰਦਾਂ ਨੂੰ ਸਦਦੇ ਨੇ,
ਗਮਾਂ ਦਰਦਾ ਨਾਲ ਪਾ ਯਾਰੀ,
ਜੋਬਨ ਚੜ੍ਹਿਆ ਇੰਨਾ ਚੋ, ਚੋ,
ਦੇਖੋ ਕਿਵੇਂ ਸੁਰਖ ਲਾਲ ਹੋ ਗਏ।
ਮੇਰੇ ਦੁੱਖ ਜਵਾਨ ......

ਖੌਰੇ ਕਿਹੜੀ ਬੂਟੀ ਪੀ ਕੇ ਸੁੱਤੇ ਨੇ,
ਮੁਦਤਾਂ ਹੋਈਆਂ ਬੇਹੋਸ਼ਿਆਂ ਨੂੰ,
ਮੇਰੇ ਸੁੱਖਾਂ ਤੇ
ਕਿਹਨੇ ਯਾਦੂ ਟੂਣੇ ਸੁਟੇ ਨੇ,
ਬੀਜੇ ਹੋਏ ਸੀ,
ਪੰਜ ਫੁੱਟੀ ਗੋਰੀ ਕਿਆਰੀ ਵਿਚ,
ਪੁੰਗਰਨ ਦਿੱਤੇ
ਇਕ ਵੱਢਿਉਂ ਪੁੱਟੇ ਨੇ,
ਬਚਪਨ ਕਿਸ਼ੋਰ ਵਿਚ ਗਰੀਬੀ ਨਿਕਲੇ
ਵਿਚ ਜ਼ਬਾਨੀ ਇਹ ਚੰਦਰੇ ਡਿਠੇ ਨੇ,
ਦੋਸ਼ ਕਿਹਨੂੰ ਦੇਵਾਂ
ਮੇਰੇ ਲੇਖ ਹੀ ਪੁੱਠੇ ਨੇ,
ਇਹ ਤਾਂ ਜ਼ਬਾਨੀ ਤਾਂ ਲੇਖਾਂ ਤੇ ਵੀ
ਕਹਿਰਬਾਨ ਹੋ ਗਏ ਨੇ।
ਮੇਰੇ ਦੁੱਖ ਜਵਾਨ ਹੋ ਗਏ ਨੇ,
ਮੇਰੇ ਸੁੱਖ ਕਈ ਵਰਿਆਂ ਤੋਂ ਸੌਂ ਗਏ ਨੇ।

♣

## ਸੋਹਣੀਆਂ ਨਾਰਾਂ

ਉਸ ਪਿੰਡ ਵਿਚ
ਸੋਹਣੀਆਂ ਨਾਰਾਂ
ਜਿਵੇਂ ਚੰਨ ਨੂਰ ਪਿਆ।
ਉਸ ਪਿੰਡ ਵਿਚ
ਮੇਰੇ ਦਿਲ ਦੀ ਵਸਦੀ
ਮੁੱਖੜਾ ਹੂਰ ਜਿਹਾ।
ਲੋਕੀ ਆਖਣ ਇਕ ਮੀਲ ਤੇ
ਪਰ ਪੈਂਡਾ ਦੂਰ ਪਿਆ।
ਕੋਈ ਤਾਂ ਆਖੋ ਮਿਲ ਜਾਏਗੀ,
ਵਿਆਹ ਹੋਗਈ,
ਮਿਲ ਗਿਲ ਜਾਏਗੀ,
ਪਰ ਵਿਛੋੜਾ
ਕਿਸੇ ਵੱਡੇ ਕਸੂਰ ਜਿਹਾ,
ਸੌਹਾਂ ਖਾਧੀਆਂ,
ਭੁੱਲ ਜਾਊਂਗਾ।
ਨਾ ਮਿਲੀ
ਨਹੀਂ ਰੁੱਲ ਜਾਊਂਗਾ,
ਪਰ ਵਾਅਦਾ ਸਿਲੇ
ਪੂਰ ਜਿਹਾ,
ਉਸ ਪਿੰਡ ਵਿਚ ……

ਯਾਦ ਕਰ ਕਰ
ਦਿਲ ਮੇਰੇ ਦੇ
ਵਹਿੰਦੇ ਅਥਰੂ,
ਅੰਦਰੋ ਅੰਦਰੀ

ਪੀ ਜਾਂਦਾ ਏ,
ਭਾਵੇਂ ਜਾਇਕਾ
ਲੂਣ ਜਿਹਾ।

ਦਿਲੋ ਜਾਨ ਤੋਂ ਕੀਤਾ,
ਇਮਾਨ ਤੋਂ ਕੀਤਾ।
ਤੈਨੂੰ ਪਹਿਲਾਂ
ਫਿਰ ਭਵਾਨ ਨੂੰ ਕੀਤਾ,
ਮੈਂ ਪੂਰਾ ਕੀਤਾ,
ਮੇਰਾ ਪਿਆਰਾ ਨਹੀਂ
ਉਣ ਜਿਹਾ।
ਫਿਰ ਵੀ ਛੱਡਿਆ
ਦਿਲੋਂ ਕਢਿਆ
ਪਿਆਰ ਦਾ ਬੂਟਾ
ਮੁੱਢੋਂ ਵੱਢਿਆ,
ਖੜੱਪਿਆਂ ਦੇ ਝੁੰਡ ਵਿਚ,
ਜਿੰਦਾ ਗੱਡਿਆ
ਤੂੰ ਕੀਤਾ ਜੁਰਮ
ਬੇਜੁਰਮੇ ਦੇ
ਕੀਤੇ ਖ਼ੂਨ ਜਿਹਾ
ਉਸ ਪਿੰਡ ਵਿਚ ......

ਉਸ ਪਿੰਡ ਵਿਚ ਗੋਰੀਆਂ ਮਾਵਾਂ
ਤੱਪਦੇ ਪਿੰਡੇ
ਠੰਡੀਆਂ ਛਾਵਾਂ
ਇਉਂ ਦਿਲ ਕਰਦਾ
ਦੋ ਚਾਰ ਤੁਕਾਂ ਦਾ
ਗੀਤ ਬਣਾਵਾਂ

ਮੇਰੇ ਰਾਗ ਬੇਸੁਰੇ ਨੇ,
ਪਰ ਫਿਰ ਗਾਵਾਂ।
ਉਸ ਪਿੰਡ ਦੀ ਕਸ਼ਿਸ਼
ਆਪਣੇ ਵੱਲ ਹੈ ਖਿਚਦੀ,
ਇਉਂ ਦਿਲ ਕਰਦਾ
ਨਿੱਤ ਹੀ ਜਾਵਾਂ

ਭਿੱਜ ਕੇ ਆਵਾਂ,
ਜਿਹਦਾ ਮੌਸਮ
ਕਣੀਆਂ ਦੀ ਭੂਰ ਜਿਹਾ।
ਉਸ ਪਿੰਡ ......

ਇਉਂ ਮੈਨੂੰ ਲੱਗਦਾ
ਉਸ ਪਿੰਡ
ਮਿਸਰੀ ਵਾਸੀ ਵਸਦੇ,
ਐਸਾ ਹੁਸਨ
ਨਸ਼ੀਲਾ ਪੈਦਾ ਕਰਦੇ।
ਉਸ ਪਿੰਡ ਦੇ ਮਰਦ
ਮੈਨੂੰ ਸਾਕੀ ਲਗਦੇ,
ਐਬ ਸਾਰੇ ਛੱਡ ਦਿੰਦਾ
ਬੰਦਾ
ਪਰ ਛੱਡਦਾ ਨਾ
ਐਬ ਏ
ਹੁਸਨ ਸਰੂਰ ਜਿਹਾ।
ਉਸ ਪਿੰਡ ਵਿਚ ......
ਮੈਂ ਵੀ ਉਸ
ਪਿੰਡ ਦਾ ਪੱਟਿਆ
ਪਹਿਲੇ ਦਿਲ ਚ

ਰੱਖਣਾ ਸੀ
ਹੁਣ ਗਲੀਆਂ
ਜੋਗਾ ਛੱਡਿਆ
ਮੈਂ ਰਾਂਝਾ ਨਹੀ
ਮੈਨੂੰ ਤਾਂ ਆਪਣਿਆਂ
ਨੇ ਮਾਰਿਆ ਵੱਟਿਆ
ਮੈਨੂੰ ਸਾਹਿਬਾਂ ਦੇ
ਭਾਈਆਂ ਕਿਥੋਂ
ਧੋਖੇ ਦੀਆਂ ਛੁਰੀਆਂ ਕੱਟਿਆ।
ਮੈਂ ਪੁੰਨੂ ਨਹੀਂ
ਵਰਿੰਦਰ 'ਫਰਹਾਦ'
ਸੱਸੀ ਦੇ ਟੂਰ ਜਿਹਾ
ਉਸ ਪਿੰਡ ਵਿਚ
ਸੋਹਣੀਆਂ ਨਾਰਾਂ
ਜਿਵੇਂ ਚੰਨ ਨੂਰ ਪਿਆ।
ਉਸ ਪਿੰਡ ਵਿਚ
ਮੇਰੇ ਦਿਲ ਦੀ ਵਸਦੀ
ਮੁੱਖੜਾ ਹੂਰ ਜਿਹਾ।

♣

## ਸ਼ਿਵ

ਕਿਤੋਂ ਆ ਕਿਧਰੋਂ
ਫੇਰਾ ਪਾ ਕਿਧਰੋਂ,
ਤੇਰਾ ਕੋਈ ਗੀਤ ਅਧੂਰਾ ਲਗਦਾ ਏ,
ਤੇਰੀ ਲੂਣਾ ਨੂੰ ਫਿਰ ਕੋਈ
ਚਰਿੱਤਰਹੀਣ ਸੱਦਦਾ ਹੈ।
ਸੱਠ ਵਰ੍ਹਿਆਂ ਦਾ
ਕਵਾਰਾ ਗੀਤ
ਹਾਲੇ ਤੱਕ ਆਪਣਾ ਹਾਣੀ ਲੱਭਦਾ ਏ,
ਤੇਰੀਆਂ ਆਟੇ ਦੀਆਂ
ਚਿੱੜੀਆਂ ਨੂੰ ਕੋਈ
ਭੂੰਨ ਭੂੰਨ ਚਬਦਾ ਏ।
ਕਿਤੋਂ ਆ ਕਿਧਰੋਂ ......

ਅੱਜ ਹਰ ਇਕ ਘਰ ਵਿਚ
ਲੂਣਾ ਵਿਕਦੀ ਪਈ ਏ,
ਹੁਣ ਦਾ ਸਲਵਾਨ
ਲੱਖਾਂ ਦੋਸ਼ ਕਰ
ਦੁਨੀਆਂ ਦੀਆਂ ਨਜ਼ਰਾਂ ਵਿਚ ਸਹੀ ਏ,
ਅੱਜ ਦਾ ਪੂਰਨ
ਲੂਣਾ ਨੂੰ ਭਰਮਾਉਦਾ
ਤੇ ਜ਼ਬਰਦਸਤੀ ਇਜ਼ਤ ਤੇ ਹੱਥ ਪਾਉਂਦਾ ਏ,
ਫਿਰ ਵੀ ਇਹ ਜ਼ਮਾਨਾ
ਲੂਣਾ ਨੂੰ ਚਰਿਤਰਹੀਣ ਸਦਦਾ ਏ।
ਕਿਤੋਂ ਆ ਕਿਧਰੋਂ ......

ਤੇਰਾ ਬਿਰਹੋ ਦਾ ਸੁਲਤਾਨ ਵੀ
ਧੀ ਸੁੱਖਾ ਦੀ ਖੁਸ਼ੀ ਪਿਛੇ ਆਸ਼ਕ ਹੋਇਆ ਏ,
ਤੇਰੀ ਕਲਮ ਦਾ ਸਿੱਕਾ ਭੁੱਬਾਂ ਮਾਰ ਰੋਇਆ ਏ।
ਆਖੇ ਖੂਨ ਨਚੋੜਿਆ ਜਿਸ ਲਈ
ਉਹ ਕਿਉਂ ਦਗੇਬਾਜ਼ ਹੋਇਆ ਏ।
ਕੁਝ ਸਮਝਾ ਇਹਨੂੰ
ਆ ਤੂੰ ਦੁਖਾਂ ਦਾ ਪੁੱਤ,
ਇਹ ਧੀ ਏ ਸੁੱਖਾਂ ਦੀ
ਕਦੇ ਮੈਨੂੰ ਨਾ ਮਿਲੀ
ਇਹ ਜਨਣ ਹੈ ਉਹ ਕੁੱਖਾਂ ਦੀ
ਇਹ ਉਸ ਪਿੰਡ ਵਸਦੀ
ਤੇਰੇ ਦੁਸ਼ਮਣ ਆਉਣ ਜਿਧਰੋਂ,
ਕਿਤੋਂ ਆ ਕਿਧਰੋਂ
ਫੇਰਾ ਪਾ ਕਿਧਰੋਂ,
ਤੇਰਾ ਕੋਈ ਗੀਤ ਅਧੂਰਾ ਲਗਦਾ ਏ।

♣

# ਮੁਲਾਕਾਤ

ਕੱਲ੍ਹ ਦੀ ਉਹ
ਸੁਲੱਖਣੀ ਮੁਲਾਕਾਤ
ਮੈਨੂੰ ਯਾਦ ਏ।
ਉਹ ਦਿਨ ਚ ਰਾਤ
ਮੈਨੂੰ ਯਾਦ ਏ।
ਇਕ ਨਿਰੋਇਆ ਜਿਹਾ
ਪਿੰਡਾ ਮੇਰੇ ਸਾਥ
ਮੈਨੂੰ ਯਾਦ ਏ।
ਮੈਂ ਕੌਣ ਉਹ ਕੌਣ,
ਉਹਦੀ ਅਤੇ ਮੇਰੀ ਜਾਤ,
ਮੈਨੂੰ ਯਾਦ ਏ,
ਚੰਦਨ ਗੇਲੀ,
ਖੜੱਪਿਆਂ ਨਾਲ ਜੋ ਖੇਲੀ,
ਮੁਸ਼ਕੀ ਅੰਗਾਂ ਦੀ
ਕਿਤਾਬ,
ਮੈਨੂੰ ਯਾਦ ਏ।
ਹੱਲ ਨਾ ਹੋਵੇ
ਉਸ ਕਿਤਾਬ ਚ
ਜੋ ਸਵਾਲ
ਮੈਨੂੰ ਯਾਦ ਏ।
ਨਾ ਸਬੂਤੀ ਨਿਗਲ ਹੋਵੇ,
ਨਾ ਖਾਧੇ ਬਿਨ ਸਰਦਾ,
ਉਹ ਐਸੀ ਸੌਗਾਤ
ਮੈਨੂੰ ਯਾਦ ਏ।

ਲੂੰਬੜੀ ਜਿਹੇ ਦੰਦ ਚੋਬ,
ਪੋਲੇ ਬੁੱਲਾਂ ਦੀ ਦਾਬ
ਮੈਨੂੰ ਯਾਦ ਏ।
ਜਿਉਂਦੇ ਜੀਅ ਨਾ ਸੋਚਿਆ ਸੀ,
ਰਾਤੀਂ ਲਿਆ
ਉਹ ਐਸਾ ਖਾਬ
ਮੈਨੂੰ ਯਾਦ ਏ।
ਠੇਕਿਆਂ ਤੇ ਬੈਠ ਪੀਤੀ,
ਕਈ ਵਾਰ
ਪਰ ਨਸ਼ਾ ਉਤਰਿਆ
ਨਾ ਹਾਲੇ ਤੱਕ ਵੀ,
ਪਹਿਲੇ ਤੋੜ ਦੀ ਸ਼ਰਾਬ
ਮੈਨੂੰ ਯਾਦ ਏ।
ਉਠਦਾ ਰਿਹਾ
ਰਾਤ ਸੌਂ ਕੇ ਸਵੇਰੇ,
ਰਾਤ ਲੰਘੀ ਉਹ
ਜਾਗਦਿਆਂ ਦੀ ਪ੍ਰਭਾਤ,
ਮੈਨੂੰ ਯਾਦ ਏ।
ਬਹੁਤ ਮੁਸ਼ਕਲ ਵੀ
ਹੋਇਆ ਸੀ।
ਤੱਕਣਾ ਮਿਲਣਾ ਵੀ
ਫਿਰ ਐਸੀ ਮੁਲਾਕਾਤ
ਰੱਬ ਦੀ ਕਰਾਮਾਤ,
ਮੈਨੂੰ ਯਾਦ ਏ।
ਮਰਦਾ ਚੋਂ ਮਰਦ ਹਾਂ,
ਆਖਦਾ ਸੀ
ਇਕੋ ਪਲ ਚ ਬਣਾਤਾ

ਲਾਸ਼ ਮੈਨੂੰ ਯਾਦ ਏ।
ਤੇ ਪੋਹ ਚ
ਜੇਠ ਹਾੜ ਦਾ ਤਾਪ
ਮੈਨੂੰ ਯਾਦ ਏ।
ਵਰਿੰਦਰ ਫਰਹਾਦ ਤਾਈਂ
ਭੁਲਣੀ ਨਹੀਂ ਰਾਤ ਉਹ,
ਹੁਣ ਕਦੇ ਹੋਣੀ ਨਹੀ ਮੁਲਾਕਾਤ ਉਹ।
ਉਹ ਵਿਛੋੜਿਆਂ ਦਾ ਸਰਾਪ
ਮੈਨੂੰ ਯਾਦ ਏ।
ਕੱਲ੍ਹ ਦੀ ਸੁਲੱਖਣੀ
ਮੁਲਾਕਾਤ
ਮੈਨੂੰ ਯਾਦ ਏ।

♣

## ਅਰਜ਼

ਸਾਡੇ ਪਿੰਡ ਤੂੰ ਫੇਰਾ ਪਾਈਂ,
ਸਿਵਿਆਂ ਦੇ ਕੋਲੋਂ ਲੰਘ ਆਈਂ।
ਸੜ ਕੇ ਮੈਂ ਸੁਆਹ ਹੋਣਾ,
ਤੂੰ ਠੋਕਰ ਮਾਰ ਜਾਈਂ,
ਸਾਡੇ ਪਿੰਡ ਤੂੰ ਫੇਰਾ ਪਾਈਂ

ਪਿੰਡ ਵਿਚ ਜਦ ਤੂੰ ਪੈਰ ਪਾਉਣਾ,
ਲੋਕਾਂ ਨੇ ਫਿਰ ਇਕੱਠੇ ਹੋਣਾ,
ਲਿਖੇ ਦਰਦ ਗ਼ਮ ਦੁੱਖ ਜਿਥੇ,
ਉਹ ਤੈਨੂੰ ਗ੍ਰੰਥ ਦਿਖਾਉਣਾ
ਵਾਰੀ ਵਾਰੀ ਤੇਰੇ ਧੋਖਿਆਂ ਨੂੰ
ਉਨਾਂ ਪੜ੍ਹ ਸਣਾਉਣਾ।
ਇਹੀ ਸੁਣੀ ਕੁਝ ਨਾ ਸੁਣਾਈਂ
ਸਾਡੇ ਪਿੰਡ ਤੂੰ ਫੇਰਾ ਪਾਈ ......

ਕਿਤੇ ਭੁੱਲ ਭੁਲੇਖੇ
ਘਰ ਵਲ ਸਾਡੇ ਮਾਰੀਂ ਝਾਤੀ
ਕੱਖਾਂ ਦਾ ਕੋਠਾ,
ਨਿੱਕਾ ਜਿਹਾ ਬੂਹਾ
ਨਿੱਕੀ ਜਿਹੀ ਤਾਕੀ
ਪੁੱਤ ਦੇ ਵਿਛੋੜੇ ਰੋਂਦੀ ਹੋਉ,
ਬਚਪਨ ਤੋਂ ਲੈ ਕੇ ਹੁਣ ਤੱਕ ਦੀ ਸਾਖੀ,
ਜੋਬਨ ਰੁਤੇ ਪੁੱਤ ਮਰਿਆ
ਆਖੂ ਜਿੰਦ ਦੁੱਖਾਂ ਨਾਲ ਮੇਰੀ ਪਾਟੀ,
ਰੋ ਰੋ ਮੁੱਕ ਗਏ ਉਦੇ ਅਥਰੂ

ਜਿਵੇਂ ਅਸਮਾਨ ਵਿਚੋਂ ਨਿਕਲੀ ਟਾਕੀ,
ਚਲ ਜਾਵੀਂ ਸੁਣ ਕੇ ,
ਦਾਸਤਾਨ ਮੇਰੀ,
ਨਾ ਆਪ ਰੋਵੀਂ,
ਨਾ ਕਿਸੇ ਹੋਰ ਨੂੰ ਰੁਆਈਂ
ਜੇ ਪਿਆਰ ਝਲਕੂ ਮੇਰੇ ਲਈ
ਗਮਾਂ ਦੀਆਂ ਰਾਤਾਂ ਚ
ਨਾ ਡੁੱਬ ਜਾਈਂ
ਸਾਡੇ ਪਿੰਡ ਤੂੰ ਫੇਰਾ ਪਾਈਂ,
ਸਿਵਿਆਂ ਦੇ ਕੋਲੋਂ ਲੰਘ ਆਈਂ।
ਸੜ ਕੇ ਮੈਂ ਸੁਆਹ ਹੋਣਾ,
ਤੂੰ ਠੋਕਰ ਮਾਰ ਜਾਈਂ,
ਸਾਡੇ ਪਿੰਡ ਤੂੰ ਫੇਰਾ ਪਾਈਂ

♣

# ਯੋਗੀ

ਮੈਂ ਹਾਂ ਯੋਗੀ
ਮੈਂ ਹਾਂ ਯੋਗੀ
ਬਿਰਹੋਂ ਦੀ
ਜੂਨ ਮੈਂ ਭੋਗੀ
ਮੈਂ ਹਾਂ ਯੋਗੀ
ਮੈਂ ਹਾਂ ਯੋਗੀ
ਨਾ ਮੇਰੇ ਕੰਨਾਂ ਚ ਵਾਲੇ
ਨਾ ਘਰ ਨੂੰ ਲਾ ਲੈ ਤਾਲੇ
ਨਾ ਮੈਂ ਜੰਗਲਾਂ ਚ ਵਸਦਾ
ਨਾ ਹੀ ਸ਼ਬਦ ਗੁਰੂ ਦੇ ਗਾ ਲੈ,
ਘਰ ਵੀ ਮੈਨੂੰ ਵਿਰਾਨ ਲੱਗੇ,
ਪਿਆਰ ਦੇ ਰੋਗ ਦਿਲ ਨੂੰ ਲਾ ਲੈ,
ਇਹ ਰੋਗ ਬੇ ਇਲਾਜ ਨੇ,
ਲੋਕਾਂ ਆਖਿਆ
ਮੈਨੂੰ ਇਸ਼ਕ ਦਾ ਰੋਗੀ
ਮੈਂ ਹਾਂ ਯੋਗੀ ......

ਨਾ ਮੈਂ ਗੋਰਖ ਦਾ ਚੇਲਾ,
ਦੌਲਤ ਮੁੱਕੀ ਪਿਆਰ ਵਾਲੀ
ਪੱਲੇ ਮੇਰੇ ਨਾ ਧੇਲਾ
ਨਾ ਹੀ ਮੈਂ ਰਾਜੇ ਸਲਵਾਨ ਦਾ ਪੁੱਤਰ
ਲੂਣਾ ਨੇ ਮੈਨੂੰ ਪਾਇਆ ਜੇਲਾਂ,
ਆਇਆ ਮੈਂ ਕਿਨਾਰਿਆਂ ਤੇ
ਮੇਰੀ ਬੇੜੀ ਤਾਂ ਮਲਾਹਾਂ ਨੇ ਡੋਬੀ,

ਮੈਂ ਹਾਂ ਯੋਗੀ ......
ਨਾ ਮੈਨੂੰ ਕਿਸੇ ਹੀਰ ਦੀ ਭਾਲ ਏ,
ਨਾ ਹੀ ਮੱਝੀਆਂ ਚਰਾਈਆਂ ਬਾਰਾਂ ਸਾਲ ਏ,
ਮੇਰੀ ਹੀਰ ਤਾਂ ਅਣ ਵਿਆਹੀ,
ਅਸੀਂ ਕੱਖਾਂ ਦੇ ਮਾਲਕ,
ਉਹ ਲੱਖਾਂ ਦੇ ਸ਼ਾਹੀ,
ਉਹ ਤਾਂ ਹੀਰੇ ਨੂੰ ਭਾਲੇ
"ਵਰਿੰਦਰ ਫਰਹਾਦ" ਆਸ ਕਿਥੇ ਲਾ ਲਈ,
ਨਾ ਇਹ ਮੇਲ ਕਰਾਉਣੇ ਖ਼ੁਦਾ ਨੇ
ਨਾ ਹੀ ਮੇਲ ਹੋਣੇ ਸੰਯੋਗੀ।
ਮੈਂ ਹਾਂ ਯੋਗੀ
ਮੈਂ ਹਾਂ ਯੋਗੀ
ਬਿਰਹੋਂ ਦੀ
ਜੂਨ ਮੈਂ ਭੋਗੀ
ਮੈਂ ਹਾਂ ਯੋਗੀ
ਮੈਂ ਹਾਂ ਯੋਗੀ

♣

# ਨਸੀਬ

ਉਹ ਆਏ ਸਾਡੇ ਘਰ
ਸਾਡੀ ਖੁਸ਼ਨਸੀਬੀ ਏ,
ਸੋਹਣੇ ਸੁਰਖ ਗੁਲਾਬ ਜਿਹੇ
ਮੈਂ ਮੁੱਖ ਨੂੰ ਤਕਦਾ ।
ਕਦੇ ਦੇਖਾ ਆਪਣੇ ਘਰ ਵਲ
ਉਤੋਂ ਉਤੋਂ ਹਸਦਾ
ਉਹ ਮਹਿਲਾਂ ਦੇ ਮਾਲਕ
ਮੈਂ ਕੱਚਿਆਂ ਚ ਵਸਦਾ ਹਾਂ,
ਅਸਾਂ ਦੇਖੀ ਝਲਕ ਅਮੀਰੀ ਦੀ ,
ਸਾਡੀ ਉਕਾਤ ਗਰੀਬੀ ਏ,
ਉਹ ਆਏ ਸਾਡੇ ਘਰ
ਸਾਡੀ ਖੁਸ਼ਨਸੀਬੀ ਏ,
ਉਹ ਖੜੇ ਵੀ ਹੁੰਦੇ ਫੁੱਲਾਂ ਤੇ
ਕਿਹੜੀ ਸੇਜ ਬਠਾਵਾਂ,
ਟੁੱਟੀ ਪਈ ਦੌਣ ਉਹਦੀ
ਕਿਸਤੇ ਚਾਦਰ ਵਿਛਾਵਾਂ,
ਨੀ ਸਾਡੇ ਪਿੰਡ ਦੇ ਖੂਹ ਸੁੱਕੇ,
ਕਿਥੋਂ ਸ਼ਰਬਤ ਪਲਾਵਾਂ
ਝੂਠਾ ਦਿਖਾਵਾਂ ਕਰਾਂ ਜੇ ਮੈਂ,
ਉਹ ਸਾਡੇ ਤੋਂ ਜ਼ਿਆਦਾ ਤਰਕੀਬੀ ਏ,
ਉਹ ਆਏ ਸਾਡੇ ਘਰ
ਸਾਡੀ ਖੁਸ਼ਨਸੀਬੀ ਏ।

♣

## ਦੀਦਾਰ

ਜ਼ਿੰਦਗੀ ਦੀ ਲੰਬੀ ਸੜਕ ਤੇ
ਮੈਨੂੰ ਇਕ ਪਰੀ ਦਾ ਦੀਦਾਰ ਹੋਇਆ,
ਜਾਣਕਾਰੀ ਨਾ ਲਈ ਮੈਂ ਕਿਸੇ ਤੋਂ,
ਵਿਚ ਮਨ ਵਸਾ ਲਿਆ,
ਫਿਰ ਉਹਦੇ ਹੁੰਗਾਰੇ ਦੇ
ਕੀ ਲੋੜ ਸੀ,
ਮੈਂ ਦਿਲ ਦੀ ਰਾਣੀ ਬਣਾ ਲਿਆ,
ਪਤਾ ਨਹੀਂ ਸੀ ਮੈਨੂੰ ਇਸ਼ਕ ਦਾ,
ਪਲ ਚ ਉਹਨੇ ਇਸ਼ਕ ਦਾ ਪਾਠ ਪੜ੍ਹਾ ਲਿਆ,
ਸੋਹਣਾ ਰੂਪ ਮਿਲੇ ਰੱਬ ਨੂੰ ਭਰਮਾ ਲਿਆ,
ਉਹਵੀ ਮਿਹਰਬਾਨ ਹੋਇਆ
ਜ਼ਿੰਦਗੀ ਦੀ ਲੰਬੀ ......

ਨਿੱਕੀ ਉਮਰ ਕੋਮਲ ਸ਼ਰੀਰ ਉਹਦਾ,
ਜਿਵੇਂ ਫੁੱਲਾਂ ਨੂੰ ਉਹਨੇ ਪਛਾੜ ਦਿੱਤਾ,
ਇਸ ਫੁੱਲ ਤੇ ਜਦ ਮੇਰੀ ਨਜ਼ਰ ਪਈ,
ਮੇਰੇ ਦਿਲ ਨੂੰ ਉਹਨੇ ਉਖਾੜ ਦਿੱਤਾ,
ਉਸ ਦਿਨ ਦਾ ਹੀ
ਮੈਂ ਬਿਮਾਰ ਹੋਇਆ,
ਜ਼ਿੰਦਗੀ ਦੀ ਲੰਬੀ ......

ਜੋਤਸ਼ੀ ਪੰਡਿਤ ਵੈਦ ਸਾਰੇ,
ਇਲਾਜ ਨਾ ਮੇਰਾ ਕਰ ਸਕੇ।

ਉਹ ਵੀ ਆਖਰ ਕਹਿਣ ਲੱਗੇ
ਤੂੰ ਬਿਮਾਰ ਨਹੀਂ
ਤੈਨੂੰ ਤਾਂ ਪਿਆਰ ਹੋਇਆ,
ਜ਼ਿੰਦਗੀ ਦੀ ਲੰਬੀ......

ਕਿਹਦੀ ਕੁੱਖ ਚੋਂ ਫੁੱਟੀ ਇਹ ਕਲੀ
ਜਿਹਨੇ ਫੁੱਲ ਦਾ ਆਖਰ ਰੂਪ ਲਿਆ।
ਜ਼ਖਮੀ ਕੀਤਾ ਮੇਰੇ ਦਿਲ ਨੂੰ
ਇਨ੍ਹਾਂ ਕਿਥੋ ਇੰਨਾ ਰੂਪ ਲਿਆ।
ਲੋਕੀ ਕਹਿੰਦੇ ਧੋਖਾ ਕਰ ਰੱਬ ਨਾਲ,
ਉਹਤੋਂ ਇਹ ਅਨੂਪ ਸਰੂਪ ਲਿਆ,
ਮੈਨੂੰ ਪਤਾ ਨਾ ਲੱਗਣ ਦਿੱਤਾ ਇਸ ਰੂਪ ਨੇ,
ਕਿਸ ਵਖਤ ਇਸ਼ ਦੀ ਘੋੜੀ ਸਵਾਰ ਹੋਇਆ
ਜ਼ਿੰਦਗੀ ਦੀ ਲੰਬੀ ......

ਸ਼ਾਤਰ ਅੱਖੀਆਂ ਨੇ ਜਦ ਵਾਰ ਕੀਤਾ,
ਉਸ ਵਖਤ ਗਰੀਬ ਮਾਰ ਦਿੱਤਾ,
ਚਲ ਗਏ ਇਕ ਵਖਤ ਆਇਆ,
ਐਡਾ ਦੁੱਖ ਮੈਨੂੰ ਯਾਰ ਦਿੱਤਾ।
ਉਹ ਦੁੱਖ ਨਾ ਮੈਥੋਂ ਸਹਾਰ ਹੋਇਆ।
ਜ਼ਿੰਦਗੀ ਦੀ ਲੰਬੀ ਸੜਕ ਤੇ
ਮੈਨੂੰ ਇਕ ਪਰੀ ਦਾ ਦੀਦਾਰ ਹੋਇਆ।

♣

## ਬਿਰਹੋ

ਥੱਲੇ ਹਿਜਰਾਂ ਦੀ ਪਈ ਸੀ ਅੱਗ ਬਲਦੀ
ਜਿਉਂ ਜਿਉਂ ਧੁਖੇ ਪਾਥੀ ਹਿੱਕ ਜਲਦੀ
ਜੰਗਲਾਂ ਚ ਵਸਦੇ ਵਿਰਾਗੀ ਬੁੱਧ ਵਰਗਾ,
ਨੀ ਮੈਂ ਕਾੜਨੇ ਚ ਕੜਦੇ ਦੁੱਧ ਵਰਗਾ,

ਜਾਗ ਲਾਇਆ ਮੈਨੂੰ ਦੁੱਖਾਂ ਦਾ
ਛੱਡ ਗਰੀਬਾਂ ਨੂੰ
ਉਹ ਪੈਸੇ ਦੀਆਂ ਭੁੱਖਾਂ ਦਾ
ਕੱਚਿਆਂ ਦੀ ਕੀ ਉਕਾਤ ਸੀ,
ਉਹ ਮਹਿਲਾਂ ਦਿਆਂ ਸੁੱਖਾਂ ਦਾ,
ਵੱਢਿਆ ਮੁਢੋਂ
ਜਿਵੇਂ ਕਰਦੇ ਹਸ਼ਰ ਬੇਜਾਨ ਰੁੱਖਾਂ ਦਾ
ਚੰਦਰੀਏ ਇਹ ਰੁੱਖ ਉਹੀ ਨੇ,
ਜਿਹਦੀ ਛਾਂ ਵਗੈਰ ਇਕ ਪੱਲ ਵੀ
ਨਹੀਂ ਸੀ ਤੇਰਾ ਸਰਦਾ
ਨੀ ਮੈਂ ਕਾੜਨੇ ਚ ਕੜਦੇ ਦੁੱਧ ਵਰਗਾ।

ਰੀਝਾਂ ਨੂੰ ਤੂੰ ਰਿੜਕ ਰਿੜਕ
ਸੁੱਖ ਭੋਗ ਲਏ
ਤੇਰੇ ਨਾਲ ਗੁਜ਼ਾਰੇ ਦਿਨ
ਕਿੰਨੇ ਮਹਿੰਗੇ ਪਏ
ਦਿਲ ਦੇ ਵੈਰੀਆਂ ਨੂੰ ਦਿਲ ਵਿਚ ਵੇਚਿਆ
ਕਿਸੇ ਕੰਮ ਦੇ ਨਾ ਰਹੇ
ਨਾ ਵਫਾ ਨਾ ਪਿਆਰ ਮਿਲਿਆ,

ਦੁੱਖ ਦਰਦ, ਗੰਮ ਤੇ ਹੀ ਜਿੰਦ ਨੇ ਹੀ ਸਹੇ,
ਦੁੱਖਾਂ ਦਰਦਾਂ ਨੂੰ ਸਹਿ ਸਹਿ ਕੇ
ਹੌਂਕੇ ਫਿਰਾਂ ਭਰਦਾ
ਨੀ ਮੈਂ ਕਾੜਨੇ ਚ ਕੜਦੇ ਦੁੱਧ ਵਰਗਾ

ਸੜ ਸੜ ਕੇ ਨੀ ਮੈਂ ਸੁਕ ਜਾਣਾ
ਕਾੜਨੇ ਵਿਚ ਹੀ ਮੁੱਕ ਜਾਣਾ,
ਉਸ ਕਾੜ੍ਹਨੇ ਨੂੰ ਰੱਖਣਾ ਤੇਰੇ ਦਰ ਅੱਗੇ,
ਤੇਰੀਆਂ ਠੋਕਰਾਂ ਨਾਲ ਉਨੇ ਫਿਰ ਟੁੱਟ ਜਾਣਾ
ਉਨਾਂ ਠੋਕਰਾਂ ਤੋਂ ਹਾਰੇ ਯੁਧ ਵਰਗਾ
ਨੀ ਮੈਂ ਕਾੜਨੇ ਚ ਕੜਦੇ ਦੁੱਧ ਵਰਗਾ

♣

## ਇਸ਼ਕ

ਤੂੰ ਨਸ਼ਾ ਏਂ ਮੇਰੀ ਜਿੰਦਗੀ ਦਾ,
ਨਾਂ ਤੇਰਾ ਕਿਨ੍ਹੇ ਇਸ਼ਕ ਰਖਿਆ
ਤੇਰੇ ਵਿਚ ਲੁੱਕੇ ਨੇ ਦਰਦ ਸਾਰੇ,
ਪਰ ਹਰ ਇਕ ਨੇ ਤੈਨੂੰ ਚੱਖਿਆ,
ਮੌਤ ਨੂੰ ਜਿਨ੍ਹੇ ਕਾਬੂ ਕੀਤਾ,
ਸਪਾਂ ਦਾ ਰਾਜਾ ਸ਼ਿਵ ਜੀ ਨਾ ਬਚਿਆ,
ਤੂੰ ਨਸ਼ਾ ਏ ......

ਤਾਰਿਆ ਤੂੰ ਕੱਚਿਆਂ ਉਤੇ,
ਤੇ ਪੱਟ ਦਾ ਮਾਸ ਖੁਆ ਦਿੱਤਾ।
ਤਪੱਸਿਆ ਵਾਂਗੂ ਤੂੰ ਮੱਝਾਂ ਚਰਾਈਆਂ,
ਤੇ ਕੋਈ ਜੰਡ ਥੱਲੇ ਵਡਾ ਦਿੱਤਾ।
ਰਾਜ ਪਾਠ ਛਡਾਇਆ
ਕਚਿਆਂ ਵਿਚ ਤੂੰ ਬਿਠਾ ਦਿੱਤਾ।
ਕਈਆਂ ਤੈਨੂੰ ਅਣਜਾਣ ਸਮਝਿਆ,
ਵੱਡਾ ਹਿਕ ਗੁਨਾਹ ਕੀਤਾ।
ਕਈਆਂ ਰੱਬ ਸਮਝ ਕੇ ਪੂਜਾ ਕੀਤੀ
ਤੂੰ ਯਾਰ ਉਹਨਾਂ ਨੂੰ ਬੇਵਫਾ ਦਿੱਤਾ।
ਬੇਵਫਾ ਯਾਰ ਨੂੰ ਵੀ ਉਨ੍ਹਾਂ ਨੇ
ਵਾਰ ਵਾਰ ਤੱਕਿਆ
ਤੂੰ ਨਸ਼ਾ ਏ ......

ਤੂੰ ਜ਼ਾਤ ਪਾਤ ਤੋਂ ਉਚਾ ਏਂ,
ਝੂਠਾ ਸਹੀ ਕਿਤੇ ਕਿਤੇ ਤਾਂ ਸੁੱਚਾ ਏ,
ਹਰ ਇਕ ਨੂੰ ਰੋਗੀ ਕੀਤਾ ਖ਼ੂਨ ਪੀਤਾ,
ਆਖੇ ਫਿਰ ਵੀ ਮੈਂ ਭੁੱਖਾ ਏਂ।
ਦੁੱਖਾਂ ਦਰਦਾਂ ਦੇ ਗੱਲ ਉਹਨੂੰ ਪਾਇਆ
ਜਿਸ ਜਿਸ ਦੇ ਦਰ ਢੁੱਕਾ ਏ।
ਤੇਰੀ ਰਮਝ ਨੂੰ ਸਮਝੇ ਕੋਈ ਕੋਈ,
ਇਸ ਰਮਝ ਨੂੰ ਸਮਝਦੇ ਸਮਝਦੇ
ਹੀ ਬੰਦਾ ਮੁੱਕਾ ਏ।
ਤੇ ਵਰਿੰਦਰ ਫਰਹਾਦ ਕੋਈ ਕੋਈ ਥੱਕਿਆ ਏ,
ਤੂੰ ਨਸ਼ਾ ਏਂ ਮੇਰੀ ਜ਼ਿੰਦਗੀ ਦਾ
ਨਾ ਤੇਰਾ ਕਿਨ੍ਹੇ ਇਸ਼ਕ ਰੱਖਿਆ ਏ।

♣

## ਮਾਂ

ਮਾਂ ਮੇਰੀ ਮੈਨੂੰ
ਰੱਬ ਦਾ
ਰੂਪ ਲੱਗੇ
ਜਿਹਦੀ ਗਰਭ
ਜੂਨੇ ਮੈਂ ਆਇਆ,
ਨਾ ਝੂਠ ਬੋਲੀ
ਨਾ ਕਰੀ ਦਗਾ
ਨਾ ਧੋਖਿਆਂ ਦੇ
ਲੜ ਮੈਨੂੰ
ਲਾਇਆ
ਮੇਰੀ ਹਰ ਇਕ
ਖਾਹਸ਼ ਨੂੰ
ਪੂਰਾ ਕੀਤਾ
ਭਾਵੇਂ ਦੁੱਖਾਂ
ਦਾ ਪਹਾੜ
ਸਿਰ ਉਦੇ ਆਇਆ
ਪਾਣੀ ਦਾ
ਘੁੱਟ
ਪੀਣ ਤੋਂ ਪਹਿਲਾਂ
ਆਖੋ ਮੇਰੇ ਪੁੱਤ
ਹਊ ਤਰਹਾਇਆ
ਮਾਂ ਮੇਰੀ ਮੈਨੂੰ ਰੱਬ ……

ਕਰਮਾ ਵਾਲਾ ਆਂ,
ਮਾਂ ਦਾ
ਪਿਆਰ ਮਿਲਿਆ
ਕਈਆਂ ਪੁੱਤਾਂ ਨੇ ਤਾਂ
ਮਾਵਾਂ ਵਗੈਰ
ਜੀਅ ਲਿਆ,
ਕਈ ਰੁਲਦੇ ਦੇਖੇ
ਮੈਂ ਸੜਕਾਂ ਤੇ
ਕਈਆਂ ਨੇ
ਜ਼ਹਿਰ ਦਾ
ਘੁੱਟ ਪੀ ਲਿਆ
ਨੀ ਇਸ ਜ਼ਹਿਰ ਨੂੰ
ਮਾਂ ਨੇ
ਸ਼ਰਬਤ ਬਣਾਇਆ
ਸਮਝ ਅਮ੍ਰਿਤ ਨੀ ਮੈਂ
ਮੂੰਹ ਨੂੰ ਲਾਇਆ
ਮਾਂ ਮੇਰੀ ਮੈਨੂੰ ਰੱਬ
ਦਾ ਰੂਪ ਲੱਗੇ
ਜਿਹਦੀ ਗਰਭ
ਜੂਨੇ ਮੈਂ ਆਇਆ

♣

## ਔਰਤ

ਪਿਆਰ ਮਮਤਾ ਦਾ ਘਰ ਹੈ ਜਿਥੇ,
ਸੁੰਨੀ ਜਿਹੀ ਇਕ ਥਾਂ ਏ।
ਦੁਰਕਾਰਿਆ ਜਿਨੂੰ ਜੱਗ ਨੇ,
ਔਰਤ ਉਹਦਾ ਨਾ ਏ।
ਘੁੱਟ ਗਲ਼ਾ ਇੱਜ਼ਤ ਦਾ
ਵੇਸਵਾ ਇਹਨੂੰ ਬਣਾ ਦਿੱਤਾ,
ਉਹ ਮੂਰਖਾ, ਔਰਤ ਹੀ ਤਾਂ ਮਾਂ ਏ,
ਇਕ ਰੂਪ ਹੋਰ ਉਭਰਿਆ,
ਜਿਸ ਨੇ ਆਖਰ ਉਡ ਜਾਣਾ,
ਰੱਬ ਭੈਣ ਦਿੱਤਾ ਨਾਂ ਏ।
ਕਾਮ ਰੂਪੀ ਪਾਪੀ ਜਿਥੇ ਟਿਕਦਾ
ਇਹ ਹੀ ਉਹ ਸਰਾਂ ਏ।
ਪਿਆਰ ਮਮਤਾ ਦਾ ਘਰ ਹੈ ਜਿਥੇ,
ਸੁੰਨੀ ਜਿਹੀ ਇਕ ਥਾਂ ਏ।
ਦੁਰਕਾਰਿਆ ਜਿਹਨੂੰ ਜੱਗ ਨੇ
ਔਰਤ ਉਹਦਾ ਨਾਂ ਏ।

ਦੁੱਖਾਂ ਨੂੰ ਇਨੇ ਹਿਰਦੇ ਰਖਿਆ,
ਬੇਦਰਦਾਂ ਨੂੰ ਇਸ ਨੇ ਤੱਕਿਆ,
ਤੇ ਗੰਮਾਂ ਦੇ ਮੋਤੀ ਪਰੋਏ ਨੇ,
ਮਰਦੀ ਰਹੀ ਦੂਜਿਆਂ ਲਈ ਏ,
ਕੁਛੜ ਵਿਚ ਦੁੱਧ
ਅੱਖਾਂ ਵਿਚ ਅਥਰੂ ਲਕੋਏ ਨੇ,
ਉਸ ਦੁੱਧ ਦੀ ਜਿਹੜਾ ਕਦਰ ਪਾਵੇ,

ਹੁਣ ਪੁੱਤ ਵੀ ਅੱਧ ਮੋਏ ਹੋਏ ਨੇ,
ਕਿਤੇ ਅਗਨੀ ਪ੍ਰੀਖਿਆ ਦੇਣੀ ਪੈਂਦੀ
ਨੈਣ ਨਾ ਫਿਰ ਵੀ ਰੋਏ ਨੇ।
ਕਹਿੰਦੇ ਕੁੱਖਾਂ ਵਿਚ ਹੀ
ਇਹਨੂੰ ਮਾਰ ਦੇਣਾ,
ਜਗਤ ਵਿਚ ਨਹੀਂ
ਇਹਨੂੰ ਆਉਣ ਦੇਣਾ,
ਜੱਗ ਪਾਪੀ ਐਸੇ ਹੋਏ ਨੇ,
ਹੋਈ ਮਜਬੂਰ,
ਕੋਠੇ ਉਤੇ ਜਾਣ ਲਈ,
ਤਨ ਦੇ ਕਪੜੇ
ਲਾਹੁਣ ਲਈ
ਫਿਰ ਵੀ ਦਾਗ ਨਾ
ਕਿਸੇ ਧੋਏ ਨੇ।
ਇਹਨਾਂ ਦਾਗਾਂ ਨੂੰ
ਜਿਹੜਾ ਮਿਟਾ ਦੇਵੇ
ਉਹ ਕਿਹੜੀ ਵੈਦ ਦਵਾ ਏ,
ਪਿਆਰ ਮਮਤਾ ਦਾ ਘਰ ਹੈ ਜਿਥੇ,
ਸੁਨੀ ਜਿਹੀ ਇਕ ਥਾਂ ਏ।
ਦੁਰਕਾਰਿਆ ਜਿਹਨੂੰ ਜੱਗ ਨੇ
ਔਰਤ ਉਹਦਾ ਨਾਂ ਏ।

ਕਦੇ ਗਲੀਆਂ ਦੇ ਵਿਚ ਇਹਨੂੰ,
ਕੱਖਾਂ ਵਾਂਗ ਰੋਲਿਆ ਦੇ,
ਕਿਤੇ ਦੇਹ ਵਪਾਰੀਆਂ ਨੇ
ਵੱਟਿਆਂ ਨਾਲ ਤੋਲਿਆ ਏ
ਪੀੜਾਂ ਦਿੰਦਾ ਰਿਹਾ ਜਹਾਨ ਇਹਨੂੰ

ਪਰ ਰੱਬ ਤੋਂ ਭੇਤ ਨਾ ਖੁਲ੍ਹਿਆ ਏ,
ਨਾਰਾਂ ਬਣਾਈਆਂ ਤੂੰ ਕਿਉਂ ਰੱਬਾ
ਕੋਈ ਲਫਜ਼ ਉਹਨੂੰ ਬੋਲਿਆ ਏ
ਸਾਨੂੰ ਸਜ਼ਾ ਕਿਸ ਗੁਨਾਹ ਦੀ ਦਿੰਦਾ
ਜਾਂ ਕੀਤਾ ਹੋਵੇ ਪਾਪ ਤਾਂ ਏ
ਦੁਰਕਾਰਿਆ ਜਿਹਨੂੰ ਜੱਗ ਨੇ
ਔਰਤ ਉਹਦਾ ਨਾਂ ਏ
ਪਿਆਰ ਮਮਤਾ ਦਾ ਘਰ ਹੈ ਜਿਥੇ,
ਸੁੰਨੀ ਜਿਹੀ ਇਕ ਥਾਂ ਏ।
ਦੁਰਕਾਰਿਆ ਜਿਹਨੂੰ ਜੱਗ ਨੇ,
ਔਰਤ ਉਹਦਾ ਨਾਂ ਏ।

♣

## ਜ਼ਿੰਦਗੀ ਰੂਪੀ ਬੱਸ

ਮੈਂ ਜ਼ਿੰਦਗੀ ਰੂਪੀ ਬੱਸ ਦੀ ਹਾਂ ਸਵਾਰੀ,
ਮੈਂ ਜ਼ਿੰਦਗੀ ਰੂਪੀ ਬੱਸ ਦੀ ਹਾਂ ਸਵਾਰੀ,
ਹੌਲੀ ਹੋ ਗਈ ਹੈ ਕੁਝ,
ਪਰ ਤੁਰੀ ਹੀ ਜਾ ਰਹੀ ਹੈ,
ਕਦੇ ਇਧਰ ਕਦੇ ਉਧਰ ਮੁੜੀ ਹੀ ਜਾ ਰਹੀ ਹੈ।
ਇਉਂ ਲਗਦਾ ਖੜੇ ਹੋਣ ਦੀ ਕਰਦੀ ਹੈ ਤਿਆਰੀ,
ਮੈਂ ਜ਼ਿੰਦਗੀ ਰੂਪੀ ......

ਮਾਂ ਕੁੱਖ ਰਾਹੀਂ,
ਵਿਚ ਇਹਦੇ ਚੜ੍ਹਿਆ ਹਾਂ,
ਇਹਦੀ ਉਡੀਕ ਲਈ
ਉਹ ਕੁੱਖ ਵਿਚ
ਨੌਂ ਮਹੀਨੇ ਖੜ੍ਹਿਆਂ ਹਾਂ,
ਮੇਰੀ ਸੀਟ ਦੇ ਨਾਲ ਵਾਲੀ ਸੀਟ ਤੇ
ਭੈਣ ਭਾਈ ਮਾਂ-ਬਾਪ ਸਫਰ ਪਏ ਕਰਦੇ ਨੇ
ਵਿਚ ਇਹਦੇ ਸਫਰ ਕਰਨ ਲਈ
ਕਈ ਪਾੜ੍ਹਤਾਂ ਪੜ੍ਹਿਆਂ ਹਾਂ।
ਬਸ ਕੁਝ ਨੇ ਸੁੱਖ ਦਿੱਤੇ ,
ਜ਼ਿਆਦਾ ਤਾਂ ਦੁੱਖਾਂ ਨੂੰ ਹੀ ਜਰਿਆ ਹਾਂ।
ਕੁਝ ਚਿੰਬੜ ਗਈਆਂ ਜੋਕ ਵਾਂਗੂ,
ਤੇ ਕੋਈ ਧੱਕਾ ਦੇ ਕੇ ਤਾਰੀ।
ਮੈਂ ਜ਼ਿੰਦਗੀ ਰੂਪੀ ......

ਇਸ ਬੱਸ ਦਾ ਡਰਾਈਵਰ,
ਕਈਆਂ ਆਖਿਆ ਵਿਚ ਅਮ੍ਰਿਤ

ਉਹ ਸੋਨੇ ਦੇ ਮੰਦਰ ਰਹਿੰਦਾ ਹੈ,
ਤਾਂ ਕਈਆਂ ਆਖਿਆ ਯਾਦਾਂ
ਉਹ ਮੱਕੇ ਅੰਦਰ ਬਹਿੰਦਾ ਹੈ।
ਉਹ ਕੁਝ ਕਹਿਣ ਲੱਗੇ
ਇਸ ਬੱਸ ਦੀ ਸਾਰ
ਉਹ ਅੰਬਰਾਂ ਤੋਂ ਲੈਂਦਾ ਹੈ।
ਮੈਨੂੰ ਉਸ ਨੂੰ ਮਿਲਣੇ ਦੀ
ਬਹੁਤ ਹੀ ਜਲਦੀ ਹੈ,
ਪਰ ਕਦੇ ਕਦੇ ਲਗਦਾ ਹੈ,
ਇਹ ਬੱਸ ਬਿਨਾਂ ਡਰਾਈਵਰ ਤੋਂ ਚਲਦੀ ਹੈ,
ਨਹੀਂ ਨਹੀਂ ਕੋਈ ਤਾਂ ਇਸ ਦਾ ਚਾਲਕ ਹੈ,
ਕੋਈ ਤਾਂ ਇਸ ਦਾ ਮਾਲਕ ਹੈ।
ਤਾਈਉਂ ਤਾਂ ਕੁਝ ਜ਼ਿੰਦਗੀ ਲਗਦੀ ਹੈ ਪਿਆਰੀ।
ਮੈਂ ਜਿੰਦਗੀ ਰੂਪੀ ......

ਕਦੇ ਤਾਂ ਇਸ ਬੱਸ ਵਿਚੋਂ ਉਤਰਨਾ ਹੀ ਪੈਣਾ ਹੈ,
ਜੋ ਬੇਇਮਾਨੀ ਦੀ ਨੀਂਦ ਵਿਚ ਸੁੱਤਾ ਪਿਆ ਏ,
ਮੌਤ ਰੂਪੀ ਆ ਕੇ ਕਹਿਣਾ ਏ,
ਤੇਰਾ ਸਫਰ ਪੂਰਾ ਹੋਇਆ।
ਇਸ ਸੀਟ ਤੇ ਕਿਸੇ ਹੋਰ ਨੇ ਬਹਿਣਾ ਏ।
ਇਸ ਬੱਸ ਵਿਚ ਜਿੰਨਾ ਵੀ ਸਫਰ ਮੈਂ ਸਫਰ ਕਟਣਾ ਹੈ,
ਕਿਸੇ ਦਾ ਭਲਾ ਕਰ,
ਕਿਸੇ ਦਾ ਪੁਨ ਕਰ,
ਕਿਰਾਇਆ ਦੇਣਾ ਪੈਣਾ ਹੈ।
ਜ਼ਿੰਦਗੀ ਵਿਚ ਦੁੱਖ ਗਮ ਜੋ ਮਿਲਦੇ ਨੇ,

ਉਹ ਚੈਕਰ ਜੁਰਮਾਨਾ ਲਾਉਂਦੇ ਨੇ,
ਉਹ ਜੁਰਮਾਨਾ ਜਿੰਦ ਨੇ ਹੀ ਸਹਿਣਾ ਏ।
ਪਤਾ ਨਹੀਂ ਕਦ ਆ ਜਾਵੇ,
ਸਾਨੂੰ ਥੱਲੇ ਲਾਹ ਜਾਵੇ।
ਭਾਵੇਂ ਬੁਢਾਪਾ ਹੋਵੇ
ਭਾਵੇਂ ਜਿੰਦ ਹੋਵੇ ਕਵਾਰੀ।
ਮੈਂ ਜ਼ਿੰਦਗੀ ਰੂਪੀ ਬੱਸ ਦੀ ਹਾਂ ਸਵਾਰੀ,
ਮੈਂ ਜ਼ਿੰਦਗੀ ਰੂਪੀ ਬੱਸ ਦੀ ਹਾਂ ਸਵਾਰੀ,
ਹੌਲੀ ਹੋ ਗਈ ਹੈ ਕੁਝ,
ਪਰ ਤੁਰੀ ਹੀ ਜਾ ਰਹੀ ਹੈ,
ਕਦੇ ਇਧਰ ਕਦੇ ਉਧਰ ਮੁੜੀ ਹੀ ਜਾ ਰਹੀ ਹੈ।
ਇਉਂ ਲਗਦਾ ਖੜ੍ਹੇ ਹੋਣ ਦੀ ਕਰਦੀ ਹੈ ਤਿਆਰੀ,
ਮੈਂ ਜ਼ਿੰਦਗੀ ਰੂਪੀ ……

♣

## ਉਨੀਵਾਂ ਵਰ੍ਹਾ

ਮਾਂ ਆਖੇ ਤੈਨੂੰ ਜੰਮੇ ਨੂੰ ਉਨੀ ਵਰੇ ਹੋਏ,
ਮੈਂ ਆਖਾਂ ਮੇਰੀ ਜ਼ਿੰਦਗੀ ਚੋਂ ਪਰੇ ਹੋਏ,
ਦੁਨੀਆਂ ਆਖੇ ਸੋਲ੍ਹਵੇ ਸਾਲ ਚ,
ਜਵਾਨੀ ਆਉਂਦੀ ਚੜ੍ਹ ਮੱਥੇ।
ਅਸੀਂ ਇਸ ਉਮਰ ਚ ਹੀ
ਜ਼ਿੰਦਗੀ ਤੋਂ ਇਨੇ ਅੱਕੇ,
ਜ਼ਿੰਦਗੀ ਜਿਉਣ ਨੂੰ
ਨਾ ਦਿਲ ਕਰਦਾ
ਕਿਹੜੀ ਗੱਲ ਤੋਂ ਆ
ਅਸੀਂ ਡਰੇ ਹੋਏ,
ਮਾਂ ਆਖੇ......

ਜ਼ਿੰਦਗੀ ਦੇ ਹਰ ਸਾਲ ਮੈਨੂੰ
ਦੁੱਖਾਂ ਨੇ ਘੇਰਾ ਰੱਖਿਆ।
ਸਾਡੇ ਆਪਣਿਆਂ ਦੀਆਂ ਅੱਖੀਆਂ ਨੇ
ਗੈਰਾਂ ਨੂੰ ਹੀ ਤੱਕਿਆ
ਮਿਲੇ ਦੁੱਖ ਹੀ ਮੈਨੂੰ
ਪਰ ਕੋਈ ਕੋਈ ਸਾਲ ਖਰੇ ਹੋਏ,
ਮਾਂ ਆਖੇ ......

ਨਿਆਣ ਮੱਤ ਚ ਹੀ
ਦਿਲ ਦਾ ਰੋਗ ਲੱਗ ਗਿਆ,
ਦਿਲ ਦਾ ਵੈਰੀ,
ਅਨਜਾਣ ਸਮਝ ਕੇ ਠੱਗ ਗਿਆ,

ਜਦ ਇਸ ਠੱਗ ਦੀ
ਸਾਨੂੰ ਸਮਝ ਲੱਗੀ,
ਦਿਲ ਰੋਵੇ ਨੈਣ ਦਰਦਾਂ ਨਾਲ ਭਰੇ ਹੋਏ,
ਮਾਂ ਆਖੇ ......

ਸੁਣ ਮੇਰੀਏ ਮਾਏ
ਸਤਾਰਾਂ ਅਠਾਰਾਂ ਸਾਲ ਦੀ ਆਂ
ਦਿਲ ਕਾਲਾ ਮੁੱਖੋ ਗੋਰੀ ਆਂ,
ਜਿਨੂੰ ਹਰ ਪਲ ਯਾਦ ਕਰੇ ਕਤਨੌਂਰੀਆ,
ਇਨ੍ਹਾਂ ਯਾਦਾਂ ਨੂੰ ਵੀ ਫਰਹਾਦ ਨੇ ਕੋਲ ਰੱਖਿਆ,
ਪਰ ਸਾਡੇ ਤੋਂ ਉਹ ਪਰੇ ਹੋਏ,
ਮਾਂ ਆਖੇ ......

ਹੁਣ ਜੀ ਕੇ ਵੀ ਕੀ ਕਰਨਾ ਏ,
ਜਿੰਦਗੀ ਚ ਦੁੱਖ ਹੀ ਤਾ ਭਰਨਾ ਏ,
ਜਿਹੜੇ ਦੇ ਗਏ ਉਹ,
ਗਮਾਂ ਨੂੰ ਹੀ ਤਾਂ ਜ਼ਰਨਾ ਏ,
ਗਮਾਂ ਦੁੱਖਾਂ ਨਾਲ ਅਸੀਂ ਪਾਈ ਯਾਰੀ,
ਸੁੱਖ ਸਾਡੇ ਨਾਲ ਲੜੇ ਹੋਏ,
ਮਾਂ ਆਖੇ ਤੈਨੂੰ ਜੰਮੇ ਨੂੰ ਉਨੀ ਵਰ੍ਹੇ ਹੋਏ,
ਮੈਂ ਆਖਾਂ ਮੇਰੀ ਜ਼ਿੰਦਗੀ ਚੋਂ ਪਰੇ ਹੋਏ।

♣

## ਨਵਾਂ ਸਾਲ

ਨਵੇਂ ਸਾਲ ਦੀ ਖੁਸ਼ੀ ਨਾ ਮੈਨੂੰ ਹੋਈ
ਜਿੰਦ ਅੰਦਰ ਵੜ ਕੇ ਫਿਰ ਰੋਈ
ਅੰਦਰ ਸੀ ਸੁੰਨਸਾਨ ਜਿਹਾ
ਜਿਉਂ ਪਧਰਾ ਹੋਵੇ ਅਸਮਾਨ ਜਿਹਾ
ਮੈਨੂੰ ਪੁਛਿਆ ਹਾਲ ਦੀਵਾਰਾਂ ਨੇ
ਬਿਜਲੀ ਦੀਆਂ ਲਟਕਦੀਆਂ ਤਾਰਾਂ ਨੇ
ਜਾਂ ਫਿਰ ਪੁਛਿਆ ਹਾਲ ਮੇਰਾ
ਅੰਗੀਠੀ ਤੇ ਵਛਾਈਆਂ ਅਖਵਾਰਾਂ ਨੇ,
ਦੱਸਿਆ ਨਾ ਕੁਝ ਮੈਂ ਇਨ੍ਹਾਂ ਨੂੰ
ਕਿਹੜੀ ਚੀਜ਼ ਮੇਰੇ ਤੋਂ ਪਰੇ ਹੋਈ,
ਨਵੇਂ ਸਾਲ ਦੀ ......

ਜਦ ਮੈਂ ਅੰਦਰੋਂ ਬਾਹਰ ਆਇਆ,
ਅਥਰੂ ਦੇਖੇ ਇਸ ਹਵਾ ਨੇ,
ਮੈਨੂੰ ਕਹਿੰਦੀ ਹਾਲ ਸੁਣਾ ਵੇ
ਜਵਾਬ ਨਾ ਮਿਲਿਆ
ਜਦ ਉਸ ਨੂੰ ਕੋਈ
ਮੈਨੂੰ ਆਖਰ ਕਹਿਣ ਲੱਗੀ
ਚੜ੍ਹਦੇ ਸਾਲ ਹੀ
ਤੈਨੂੰ ਕਿਹਨੇ ਦਿਤਾ ਰੁਆ ਵੇ
ਕਿਹਨੇ ਤੇਰੀਆਂ ਖੁਸ਼ੀਆਂ ਦੀ ਸੇਕੀ ਲੋਹੜੀ
ਤੇ ਤੈਨੂੰ ਕਿਹਨੇ ਕੀਤਾ ਸੁਆਹ ਵੇ
ਦਿੰਦੀ ਰਹੀ ਦਲਾਸੇ ਉਹ ਮੈਨੂੰ
ਜ਼ਖਮਾਂ ਲਈ ਨਾ ਦਿੱਤੀ ਲੀਰ ਕੋਈ
ਨਵੇਂ ਸਾਲ ਦੀ ......

ਫਿਰ ਜਿੰਦ ਆਪੇ ਹਾਲ ਸੁਣਾਉਣ ਲੱਗੀ
ਪਿਛਲੇ ਸਾਲ ਦੇ ਜ਼ਖਮ ਦਿਖਾਉਣ ਲੱਗੀ
ਇਹ ਸਾਲ ਵੀ ਲੰਘੂ ਇਸੇ ਤਰ੍ਹਾਂ
ਤਾਈਉਂ ਤਾਂ ਅਥਰੂ ਵਹਾਉਣ ਲੱਗੀ
ਇਹਨਾਂ ਅਥਰੂਆਂ ਦਾ ਮੁੱਲ ਨਾ ਤਾਰੇ ਕੋਈ
ਇਸ ਕਰਕੇ ਨਵੇਂ ਸਾਲ ਦੀ ਖੁਸ਼ੀ
ਨਾ "ਫਰਹਾਦ" ਨੂੰ ਹੋਈ
ਜਿੰਦ ਅੰਦਰ ਵੜ੍ਹ ਕੇ ਫਿਰ ਰੋਈ।

♣

# ਯਾਦ

ਇਕੱਲਾ ਸੀ ਮੈਂ ਕਮਰੇ ਚ,
ਕਿਸੇ ਦੀ ਯਾਦ ਉਥੇ ਆ ਗਈ,
ਬੈਠਾ ਸੀ ਨਿਡਰ ਜਿਹਾ,
ਆ ਕੇ ਇਕ ਦਮ ਮੈਨੂੰ ਫੜ ਲਿਆ,
ਪਰ ਥੋੜਾ ਜਿਹਾ ਹਿਲਾ ਗਈ,
ਇਕੱਲਾ ਸੀ ਮੈਂ ਕਮਰੇ ਚ,
ਕਿਸੇ ਦੀ ਯਾਦ ਉਥੇ ਆ ਗਈ,

ਪੁਛਿਆ ਮੈਂ ਉਹਨੂੰ ਮੈਥੋਂ ਕਾਹਤੋਂ ਆਈ ਏਂ,
ਛੱਡ ਗਏ ਨੇ ਉਹ ਸਾਨੂੰ ਜਿਹਦੇ ਘਰੋਂ ਆਈ ਏਂ,
ਲੱਗਦੀ ਏ ਆਪਣੀ ਪਰ ਹੈਗੀ ਤੂੰ ਪਰਾਈ ਏਂ,
ਕੋਈ ਗੱਲ ਤੇ ਕੀਤੀ ਗੌਰ ਉਹਨੇ,
ਉਹ ਗੱਲ ਗੱਲ ਵਿਚ ਭਰਮਾ ਗਈ,
ਇਕੱਲਾ ਸੀ ਮੈਂ ......

ਉਹਨੂੰ ਦੇਖ ਕੇ
ਆਪਣੇ ਦਾ ਭੁਲੇਖਾ ਪੈ ਗਿਆ,
ਮੇਰੇ ਦਿਲ ਦਾ ਬੂਹਾ
ਉਦੋਂ ਹੀ ਢਹਿ ਗਿਆ,
ਉਸ ਵਖਤ ਉਹ
ਦਿਲ ਵਿਚ ਸਮਾ ਗਈ,
ਇਕੱਲਾ ਸੀ ਮੈਂ ......

ਕੀਤੀ ਮਿੰਨਤ ਦਿਲ ਚ ਨਾ ਜਾ
ਕੋਮਲ ਹੈ ਇਹ ਅੱਗ ਨਾ ਲਾ
ਤੂੰ ਚੱਲ ਜਾ ਇਥੋਂ ਮੈਨੂੰ ਬਖਸ਼ ਜਾ,
ਉਹ ਕੀਤੀ ਬੇਨਤੀ ਵੀ ਠੁਕਰਾ ਗਈ
ਇਕੱਲਾ ਸੀ ਮੈਂ ......

ਦਿਲ ਵਿਚ ਕੀਤਾ ਪ੍ਰਵੇਸ਼ ਉਹਨੇ,
ਅਜੀਬ ਜਿਹੀ ਕਸ਼ਿਸ਼ ਲਾ ਦਿੱਤੀ,
ਵਸ ਗਈ ਉਹ ਵਿਚ ਆ ਕੇ
ਚੰਦਰੀ ਸੀ ਜਿਹੜੀ ਭੁਲਾ ਦਿਤੀ,
ਉਹ ਬੇਦਰਦੀ ਤਸਵੀਰ ਵੀ ਸਾਹਮਣੇ ਆ ਗਈ,
ਇਕੱਲਾ ਸੀ ਮੈਂ ਕਮਰੇ ਚ
ਤੇਰੀ ਯਾਦ ਉਥੇ ਆ ਗਈ,
ਫਿਰ ਸਭ ਕੁਝ ਭੁਲਾ ਗਈ,
ਤੇਰੀ ਯਾਦ ਉਥੇ ਆ ਗਈ।

♣

## ਚੌਰਾਹਾ

ਤੇਰੇ ਤੇ ਮੇਰੇ
ਪਿੰਡ ਦੇ ਚੌਰਾਹੇ ਵਿਚੋ,
ਇਕ ਪਾਸਿਉਂ
ਮੈਂ ਆ ਰਿਹਾ ਸੀ,
ਇਕ ਪਾਸਿਉਂ ਸ਼ਾਇਦ
ਤੂੰ ਆ ਰਹੀ ਸੀ,
ਕਾਫੀ ਦੂਰ ਸੀ
ਮੈਂ ਤੇਰੇ ਤੋਂ
ਇਸ ਕਰਕੇ ਮਨ ਵਿਚ
ਸ਼ੱਕ ਪਈ ਸੀ,
ਚੌਰਾਹੇ ਦਾ ਖੰਭਾ
ਗਵਾਹੀ ਪਾ ਰਿਹਾ ਸੀ।
ਪਤਾ ਨਹੀ ਉਸ ਦੀ
ਇਹ ਗੱਲ ਗਲਤ ਸੀ
ਜਾਂ ਸਹੀ ਸੀ।
ਜਦ ਮੈਂ ਵਿਚ ਚੌਰਾਹੇ ਆਇਆ
ਉਥੇ ਤਾਂ ਕਿਸੇ ਦੀ
ਪਰਛਾਈ ਵੀ ਨਹੀਂ ਸੀ।
ਮੈਨੂੰ ਤਾਂ
ਉਸ ਦੀ ਯਾਦ
ਸਤਾ ਰਹੀ ਸੀ।
ਦੋਵੇਂ ਪਿੰਡਾਂ ਦੇ ਚੌਰਾਹੇ ਵਿਚੋਂ,
ਇਕ ਪਾਸਿਉਂ
ਮੈਂ ਆ ਰਿਹਾ ਸੀ,
ਇਕ ਪਾਸਿਉਂ ਸ਼ਾਇਦ
ਤੂੰ ਆ ਰਹੀ ਸੀ।

# ਕਵਿਤਾ ਦੀ ਰਾਣੀ

ਮੇਰੀ ਕਵਿਤਾ ਦੀ ਰਾਣੀ
ਕੌਣ ਬਣੂ ਰਾਜਾ ਤੇਰਾ ?
ਕੌਣ ਜਿਤੂ ਸੁਅੰਭਰ ਵਿਚ ਤੈਨੂੰ
ਕਿਹਦੀ ਜ਼ਿੰਦਗੀ ਵਿਚ ਕਰੂ ਤੂੰ ਸਵੇਰਾ ?
ਕੌਣ ਆਪਣੀਆਂ ਖੁਸ਼ੀਆਂ ਦੀ ਖਾਤਰ
ਗਲ ਘੁਟੂ ਕਵਿਤਾ ਦਾ ਮੇਰਾ ?
ਮੇਰੀ ਕਵਿਤਾ ਦੀ ਰਾਣੀ......

ਜਦ ਮੈਂ ਕਵਿਤਾ ਲਿਖਣ ਲੱਗਾ
ਮਨ ਵਿਚ ਤੈਨੂੰ ਵਸਾ ਲਿਆ
ਲਿਖਾਂ ਕਵਿਤਾ ਇਹੋ ਜਿਹੀ ਪਰੀ ਉਤੇ
ਜਿਹਦਾ ਰੱਬ ਨੇ ਰੂਪ ਸਵਾਰਿਆ,
ਬਿਨਾ ਦੇਖਿਆਂ ਵੀ ਤੂੰ ਇਵੇਂ ਲੱਗੇਂ,
ਜਿਵੇਂ ਪਾਣੀ ਵਿਚ ਫੁੱਲ ਹੋਵੇ ਤਾਰਿਆ,
ਕੇਸਰ, ਚੰਦਨ, ਫੁੱਲਾਂ ਦੇ ਰਸ ਨਾਲ,
ਰੀਝਾਂ ਲਾ ਕੇ ਤੈਨੂੰ ਨਿਖਾਰਿਆ,
ਰਾਣੀ ਬਣਾਵਾਂ ਆਪਣੀ ਕਵਿਤਾ ਦੀ,
ਉਸ ਵਖਤ ਕਹਿੰਦਾ ਸੀ ਦਿਲ ਮੇਰਾ,
ਮੇਰੀ ਕਵਿਤਾ ਦੀ ਰਾਣੀ ......

ਤੈਨੂੰ ਕਿਹੋ ਜਿਹੇ ਵਰ ਦੀ ਲੋੜ ਏ,
ਜਿਹੋ ਜਿਹੇ ਹੁਸਨ ਦੀ ਹੋੜ ਏ,
ਜਿਹੜਾ ਮੱਛਲੀ ਦੀ ਅੱਖ ਫਾੜ ਦੇਵੇ,
ਜਾਂ ਦਵੇ ਧਨੁੱਸ਼ ਤੋੜ ਏ,
ਜਿਹੜਾ ਜੱਗ ਜਹਾਨੇ ਨੂੰ ਪਾਰ ਕਰੇ,
ਜਾਂ ਫਿਰ ਕਿਸੇ ਤਪੱਸਵੀ ਦੀ ਲੋੜ ਏ,
ਮੈਂ ਆਪਣੀ ਰੀਝਾਂ ਦਾ ਗਲਾ ਘੁੱਟਾਂ,
ਤੇ ਜ਼ਿੰਦਗੀ ਵਿਚ ਕਰਾਂ ਹਨੇਰਾ
ਮੇਰੀ ਕਵਿਤਾ ਦੀ ਰਾਣੀ
ਕੌਣ ਬਣੂ ਰਾਜਾ ਤੇਰਾ ?

♣

## ਹਕੀਕਤ

ਜਦ ਜ਼ਿੰਦਗੀ ਚ ਆਇਆ,
ਜ਼ਿੰਦਗੀ ਜਿਊਣ ਲਈ,
ਜੰਮਣ ਲਗਿਆਂ ਹੀ
ਮੈਂ ਰੋਣ ਲੱਗਾ,
ਕੋਈ ਸੀਮਾ ਨਹੀਂ ਸੀ,
ਮਾਂ ਦੀ ਖ਼ੁਸ਼ੀ ਦੀ,
ਪਿਉ ਕੱਢ ਸ਼ਰਾਬਾਂ ਪਿਲਾਉਣ ਲੱਗਾ,
ਕਹਿੰਦਾ ਪੁਤ ਜੰਮਿਆ ਧੀ ਨਹੀਉਂ,
ਥੋੜਾ ਬਹੁਤ ਮਾਣ ਦਿਖਾਉਣ ਲੱਗਾ,
ਇਕ ਦਿਨ ਮੈਂ ਚਲੇ ਜਾਣਾ ਦੁਨੀਆਂ ਤੋਂ,
ਰੋਂਦਾ ਰੋਂਦਾ ਮੈਂ ਕੁਝ ਸਮਝਾਉਣ ਲੱਗਾ,
ਜਿਉਂ ਜਿਉਂ ਮੇਰੀ ਉਮਰ ਵਧੀ,
ਨਵੇਂ ਨਵੇਂ ਮੈਂ ਰੰਗ ਦਿਖਾਉਣ ਲੱਗਾ,
ਖ਼ੁਸ਼ ਸੀ ਭੈਣ ਭਰਾ ਯਾਰ ਮੇਰੇ,
ਜਦ ਮੈਂ ਵਿਆਹ ਕਰਵਾਉਣ ਲੱਗਾ,
ਅੰਤ ਵੇਲਾ ਜਦ ਆਇਆ ਮੇਰੇ 'ਤੇ
ਰੱਬ ਨੂੰ ਫਿਰ ਭਰਮਾਉਣ ਲੱਗਾ,
ਜਦ ਜੰਮਿਆਂ ਮੈਂ ਆਪ ਰੋਇਆ
ਹੁਣ ਸਾਰਿਆਂ ਨੂੰ ਰੁਲਾਉਣ ਲੱਗਾ,
ਕਦਰ ਕਰੇ ਜੇ ਦੁਨੀਆਂ ਜ਼ਿੰਦਗੀ ਦੀ
ਉਹ ਲੋਕੋ ਵਖਤ ਨਾ ਮੁੜ ਕੇ ਆਉਣ ਲੱਗਾ,
ਇਕ ਦਿਨ ਮੈਂ ਚਲੇ ਜਾਣਾ ਦੁਨੀਆਂ ਤੋਂ
ਰੋਂਦਾ ਰੋਂਦਾ ਮੈਂ ਕੁਝ ਸਮਝਾਉਣ ਲੱਗਾ।

♣

## ਪੈਂਡਾ

ਉਹਦੇ ਪਿੰਡ ਤੋਂ ਮੇਰੇ ਪਿੰਡ ਦਾ
ਸਿਰਫ ਇਕ ਮੀਲ ਦਾ ਪੈਂਡਾ ਏ,
ਇਹ ਪੈਂਡਾ ਕਿੰਨਾ ਗਹਿਰਾ ਏ,
ਪਰ ਫਿਰ ਵੀ ਉਥੇ ਤੱਕ ਜਾਣ ਲਈ
ਹਾਲੇ ਵਖਤ ਤਾਂ ਕੁਝ ਹੈਗਾ ਏ,
ਕਿਉਂ ਤਰਸਾਈਂ ਜਾਵੇ ਰੱਬਾ ,
ਦਸ ਤੈਨੂੰ ਕੀ ਫਾਇਦਾ ਏ,
ਉਹਦੇ ਪਿੰਡ ਤੋਂ ਮੇਰੇ ਪਿੰਡ......

ਇਕ ਮੀਲ ਨੂੰ ਤਹਿ ਕਰਨ ਲਈ
ਕਈ ਸਾਲ ਨਾ ਲੱਗ ਜਾਣ ਮੈਨੂੰ
ਕਿਤੇ ਮਿਣਦਾ ਨਾ ਰਹਿ ਜਾਵਾਂ,
ਮੈਂ ਪੈਂਡਿਆਂ ਨੂੰ
ਕੋਈ ਲੈ ਨਾ ਜਾਵੇ ਸਮੁੰਦਰੋਂ ਪਾਰ ਤੈਨੂੰ
ਤੁਰੀ ਸੀ ਜਿਨ੍ਹਾਂ ਦੀ ਛਾਂ ਹੇਠਾਂ,
ਉਹ ਰੁੱਖ ਵੀ ਫਿਰ ਸੁੱਕ ਜਾਣੇ
ਹਰ ਰੋਜ਼ ਪਾਣੀ ਪਾਇਆ ਜਿਹਨੂੰ
ਸੁੱਕ ਜਾਣਾ ਮੇਰੇ ਦਿਲ ਨੇ,
ਨੀ ਤੇਰੇ ਦਿਲ ਵਿਚ ਕੀਹਦਾ ਪਹਿਰਾ ਏ,
ਉਹਦੇ ਪਿੰਡ ਤੋਂ ਮੇਰੇ ਪਿੰਡ ......

ਕਦੇ ਝਲਕੂ ਪਿਆਰ "ਫਰਹਾਦ" ਲਈ
ਸਾਡੇ ਪਿੰਡ ਨੂੰ ਆਪੇ ਆ ਜਾਵੀਂ
ਘਰ ਮਿਲਿਆ ਜੇ ਤੈਨੂੰ
ਉਸ ਰਾਹ ਵਿਚੋਂ
ਰਾਹ ਸਿਵਿਆਂ ਦਾ ਵੀ ਹੈਗਾ ਏ,
ਉਹਦੇ ਪਿੰਡ ਤੋਂ ਮੇਰੇ ਪਿੰਡ ਦਾ
ਸਿਰਫ ਇਕ ਮੀਲ ਦਾ ਪੈਂਡਾ ਏ,
ਇਹ ਪੈਂਡਾ ਕਿੰਨਾ ਗਹਿਰਾ ਏ।

♣

## ਯਾਦ

ਭੈੜੀ ਯਾਦ ਤੇਰੀ ਤੇ ਤੂੰ ਭੈੜੀ
ਭੇਜ ਦੇਵੇ ਖ਼ੂਨ ਪੀਣ ਨੂੰ
ਹੰਝੂ ਮੁੱਕੇ ਨੈਣਾਂ ਚੋਂ
ਰਿਹਾ ਨਾ ਕੁਝ ਜੀਣ ਨੂੰ
ਤੇਰੀ ਯਾਦ ਆਵੇ
ਰੋ ਲਈਦਾ ਸੀ
ਸਾਥ ਦੇਵੋ ਨੀ ਸਹੇਲੀਓ
ਅੱਖਾਂ ਨੂੰ ਫਿਰ
ਕਹੀ ਦਾ ਸੀ।
ਖ਼ੂਨ ਇਨ੍ਹਾਂ ਦਾ ਵੀ ਹੁਣ ਸੁੱਕਾ
ਰੋ ਰੋ ਕੇ ਸਭ ਕੁਝ ਮੁੱਕਾ
ਜਦ ਰੋਇਆ
ਦਿਲ ਜਿਗਰ ਇਵੇਂ ਫਟੇ
ਰਿਹਾ ਨਾ ਕੁਝ ਸੀਣ ਨੂੰ
ਭੈੜੀ ਯਾਦ ਤੇਰੀ ਤੇ ਤੂੰ ਭੈੜੀ
ਭੇਜ ਦੇਵੇ ਖ਼ੂਨ ਪੀਣ ਨੂੰ
ਹੰਝੂ ਮੁੱਕੇ ਨੈਣਾਂ ਚੋਂ
ਰਿਹਾ ਨਾ ਕੁਝ ਜੀਣ ਨੂੰ
ਭੈੜੀ ਯਾਦ ਤੇਰੀ
ਤੂੰ ਭੈੜੀ...
ਮਰ ਜਾਵਾਂ
ਤੈਥੋ ਛੁਟਕਾਰਾ ਪਾਵਾਂ
ਇਸ ਸਰੀਰ ਤੋਂ
ਆਤਮਾ ਨੂੰ ਲਾਵਾ

ਇਹ ਚੰਦਰੀ
ਆਤਮਾ ਨੂੰ ਵੀ ਸੜਦੀ ਏ
ਇਕ ਹੋਰ ਕੋਸ਼ਿਸ਼ ਦੇ
ਲੀੜੇ ਪਾੜਦੀ ਏ
ਮੇਰੀ ਸੋਚ ਨੂੰ
ਲੂਹ ਛੱਲੀ ਕੀਤਾ
ਜਿਵੇਂ ਧੁੱਪ  ਜੇਠ ਹਾੜ ਦੀ ਏ
ਹਾੜ ਜੇਠ ਦਾ
ਸਾਉਣ ਵੀਰ ਆਖਾ
ਜਿਥੇ ਮਿਲਣ ਦੀ
ਬਹੁਤੀ ਤਾਂਘ ਰਹਿੰਦੀ
ਉਦੋਂ ਚੀਸ ਕਾਲਜੇ ਪੈਂਦੀ ਏ
ਜਦ ਪੋਟਾ ਪੋਟਾ
ਕਰਕੇ ਗਾਲਦੀ ਏ
ਦੇਸ਼ ਛੱਡਾਂ
ਚਲਾ ਜਾਵਾਂ ਕਿਤੇ
ਬਚਾਂ ਇਹ ਤੋਂ
ਗਲੋਂ ਲਾਵਾਂ ਕਿਤੇ
ਫਿਰ ਵੀ ਮੈਨੂੰ
ਹੀ ਭਾਲਦੀ ਏ
ਸਤਾਰਾਂ ਵਰਿਆਂ ਦੀ
ਜਦ ਹੋਈ ਸੀ
ਮੇਰੇ ਦਿਲ ਨੂੰ
ਜਦ ਮੋਈ ਸੀ
ਲਾ ਦੇਣਾ
ਯਾਦਾਂ ਦੇ ਲੜ ਤੈਨੂੰ
ਪਾ ਕੀਰਨੇ ਰੂਹ ਰੋਈ ਸੀ
ਰੂਹ ਆਖੇ ਜਿਹੜਾ

ਤੇਰੇ ਗਲ਼ ਪਾਉਣਾ।
ਇਹ ਸਪੋਲੀਆ ਉਹ ਪਾਲਦੀ ਏ
ਕੋਬਰੇ ਦਾ ਜਦ ਰੂਪ ਧਾਰੇ
ਕਿ ਸੀਨੇ ਡੰਗ ਮਾਰਦੀ ਏ
ਕੌਣ ਇਹਨੂੰ ਵਸ ਕਰੇ,
ਜ਼ਹਿਰ ਨਾਲ ਮੂੰਹ ਭਰੇ
ਕੌਣ ਬਜਾਏ ਬੀਨ ਨੂੰ
ਭੈੜੀ ਯਾਦ ਤੇਰੀ ਤੇ ਤੂੰ ਭੈੜੀ
ਭੇਜ ਦੇਵੇ ਖ਼ੂਨ ਪੀਣ ਨੂੰ
ਹੰਝੂ ਮੁੱਕੇ ਨੈਣਾਂ ਚੋਂ,
ਰਿਹਾ ਕੁਝ ਜੀਣ ਨੂੰ

ਕਿਤੇ ਦਿਲ ਨੂੰ ਨਾ
ਏ ਲੱਗ ਜਾਵੇ
ਇਕ ਵਾਰੀ ਨਾ
ਫਿਰ ਠੱਗ ਜਾਵੇ।
ਜਿਦੇ ਘਰੋਂ ਆਈ
ਭੁਲਿਆਂ ਹੀ ਮਸਾਂ ਉਹਨੂੰ
ਥਾਂ ਨਹੀਉਂ ਹੁਣ ਇਥੇ
ਚਲੇ ਜਾਵੇ ਜਾਣਾ ਜਿਥੇ।
ਨਾ ਹਾਵੀ ਹੋਣ ਦੇਣਾ ਹੀਣ ਨੂੰ
ਭੈੜੀ ਯਾਦ ਤੇਰੀ ਤੇ ਤੂੰ ਭੈੜੀ
ਭੇਜ ਦੇਵੇ ਖ਼ੂਨ ਪੀਣ ਨੂੰ
ਹੰਝੂ ਮੁੱਕੇ ਨੈਣਾਂ ਚੋਂ
ਰਿਹਾ ਨਾ ਕੁਝ ਜੀਣ ਨੂੰ

♣

## ਪਿਆਰ ਵਾਲੀ ਕੰਧ

ਮੇਰੀ ਪਿਆਰ ਵਾਲੀ ਕੰਧ ਨੂੰ ਤ੍ਰੇੜ ਆ ਗਈ
ਵੇ ਮੈਂ ਲਿੱਪੀ ਖੁਸ਼ੀ ਨਾਲ
ਉਹ ਫਿਰ ਆ ਗਈ
ਖੌਰੇ ਵਫਾ ਘੱਟ ਪੈ ਗਈ
ਜਾਂ ਹਾਸਿਆਂ ਦੀ ਥੋੜ ਸੀ
ਮੇਰੀ ਪਿਆਰ ਵਾਲੀ ਕੰਧ ਨੂੰ
ਕੀ ਜਿਉਣ
ਕਾਹਦੀ ਲੋੜ ਸੀ
ਦਿਨੇ ਲਿੱਪਾਂ ਸ਼ਾਮੀ ਲਿੱਪਾਂ, ਰਾਸ ਨਾ ਆਏ
ਫਿਰ ਹੋਈ ਸੀ ਇਕ ਰਾਤ
ਦੋ ਦਿਲ ਦੀ ਮੁਲਾਕਾਤ
ਸ਼ਾਮ ਹੋਈ ਤੇ ਪਲ ਵਿਚ ਸਵੇਰੇ ਆ ਗਈ
ਮੇਰੇ ਪਿਆਰ ਵਾਲੀ ਕੰਧ ਨੂੰ ਤਰੇੜ ਆ ਗਈ
ਵੇ ਮੈ ਲਿੱਪੀ ਖੁਸ਼ੀ ਨਾਲ
ਉਹ ਫਿਰ ਆ ਗਈ

ਇਕ ਲਕਸ਼ ਮੇਰਾ ਚੋਟੀ ਇਸ਼ਕ ਦੀ
ਜਾਣਕਾਰ ਵੀ ਕਹਿੰਦੇ
ਲੱਗਾ ਹੈ ਰਿਸਕ ਕੀ
ਹੁਣ ਤਾਂ ਇਕ ਕਦਮ ਸੀ
ਮੈਥੋਂ ਦੂਰ ਲਕਸ਼ ਮੇਰਾ
ਜਦ ਡਿੱਗਿਆ ਤੇ
ਅੱਗੇ ਰੇਡ ਆ ਗਈ
ਮੇਰੀ ਪਿਆਰ ਵਾਲੀ ਕੰਧ ਨੂੰ ਤਰੇੜ ਆ ਗਈ
ਵੇ ਮੈਂ ਲਿੱਪੀ ਖੁਸ਼ੀ ਨਾਲ
ਉਹ ਫਿਰ ਆ ਗਈ ।

ਦਿਲ ਵਾਲਾ ਕਮਰਾ ਖੰਡਰ
ਬਣ ਰਹਿ ਗਿਆ
ਰੀਝਾਂ ਨਾ ਸਜਾਈਆਂ
ਰੋ ਰੋ ਢਹਿ ਗਿਆ
ਚੰਦਰੀਏ ਤੂੰ ਹੀ ਸੀ
ਇਸ ਦੀ ਮਾਲਕ
ਕਿਉਂ ਆਉਣ ਲੱਗੀ
ਇਹਦਾ ਬੂਹਾ ਭੇੜ ਆ ਗਈ
ਮੇਰੇ ਪਿਆਰ ਵਾਲੀ ਕੰਧ ਨੂੰ ਤਰੇੜ ਆ ਗਈ
ਵੇ ਮੈਂ ਲਿੱਪੀ ਖੁਸ਼ੀ ਨਾਲ
ਉਹ ਫਿਰ ਆ ਗਈ

ਮੇਰੇ ਯਾਰ ਹੁਣ ਕਹਿੰਦੇ
ਤੂੰ ਰਹਿੰਦਾ ਏਂ ਉਦਾਸ ਬੜਾ
ਕੀ ਦੱਸਾਂ ਤੁਹਾਨੂੰ ਯਾਰੋ
ਕਿਹੜੀ ਗਮਾ ਵਾਲੀ ਗੱਲ ,
ਫਰਆਦ ਨੂੰ ਛੇੜ ਆ ਗਈ
ਵੇ ਮੇਰੀ ਪਿਆਰ ਵਾਲੀ
ਕੰਧ ਨੂੰ ਤਰੇੜ ਆ ਗਈ
ਮੈਂ ਲਿੱਪੀ ਖੁਸ਼ੀ ਨਾਲ
ਉਹ ਫਿਰ ਆ ਗਈ

♣